# ਸੁਲ਼ਗਦੇ ਹਰਫ਼ਾਂ ਦੀ ਲੋਅ

(ਕਾਵਿ-ਸੰਗ੍ਰਹਿ)

Scanned with OKEN Scanner
Scanned with OKEN Scanner

**ਇਸੇ ਕਲ਼ਮ ਤੋਂ :**

1. ਵਰਦੀ ਦਾ ਮੁੱਲ (ਕਹਾਣੀ ਸੰਗ੍ਰਹਿ) - 2018
2. ਮੈਂ ਜਾਣਿਆਂ ਦੁੱਖ ਮੁਝ ਕੋ (ਸਵੈ ਜੀਵਨੀ) -2021
3. ਬਦਲੇ ਰੰਗ ਪੰਜਾਬ ਦੇ (ਵਾਰਤਕ) - 2022
4. ਮੇਰਾ ਪਿੰਡ ਤੇ ਮੇਰੇ ਲੋਕ (ਵਾਰਤਕ) -2024
5. 19 ਕਲ਼ਮਾਂ 72 ਰੰਗ (ਸੰਪਾਦਨਾ) -2024
6. ਦਲਦਲ (ਕਹਾਣੀ ਸੰਗ੍ਰਹਿ) - 2025

Scanned with OKEN Scanner
Scanned with OKEN Scanner

# ਸੁਲ਼ਗਦੇ ਹਰਫ਼ਾਂ ਦੀ ਲੋਅ

(ਕਾਵਿ-ਸੰਗ੍ਰਹਿ)

ਲੇਖਕ
ਜਸਵਿੰਦਰ ਸਿੰਘ 'ਮਾਣੋਂ ਚਾਹਲ'

ਸਹਿਜ ਪਬਲੀਕੇਸ਼ਨਜ਼

Scanned with OKEN Scanner
Scanned with OKEN Scanner

# ਸੁਲ਼ਗਦੇ ਹਰਫ਼ਾਂ ਦੀ ਲੋਅ

**(ਕਾਵਿ-ਸੰਗ੍ਰਹਿ)**

*By*

**ਜਸਵਿੰਦਰ ਸਿੰਘ 'ਮਾਣੋ ਚਾਹਲ'**

ਬੀ-21/1949, ਪਾਰਕ ਐਵੇਨਿਊ
ਤਰਨਤਾਰਨ - 143401
ਮੋ. 9463613035
jmanochahal@54gmail.com

First Edition : 2025

Copyright © 2025 Author

**ISBN :**

**ਸਭ ਹੱਕ ਲੇਖਕ ਦੇ ਰਾਖਵੇਂ ਹਨ।**

**ਕੀਮਤ :**

*Laser Type Setting:*

**PATIALA COMPUTERS**
Opp. Punjabi University, Patiala
M. 98557-08204, 99159-79774
E-mail: patialacomputer04@gmail.com

**ਪ੍ਰਕਾਸ਼ਨ**

**ਸਹਿਜ ਪਬਲੀਕੇਸ਼ਨਜ਼**

ਰਾਮ ਬਸਤੀ, ਡਾਕਖਾਨੇ ਦੇ ਪਿਛਲੇ ਪਾਸੇ, ਸਮਾਣਾ

Scanned with OKEN Scanner
Scanned with OKEN Scanner

# ਸਮਰਪਿਤ

ਉਹਨਾਂ ਸਾਰੇ ਸੰਘਰਸ਼ੀ ਯੋਧਿਆਂ ਨੂੰ ਜਿਹਨਾਂ ਨੇ ਆਪਣੀ ਸਾਰੀ ਜ਼ਿੰਦਗੀ ਲੁੱਟੇ ਜਾਣ ਵਾਲ਼ਿਆਂ ਦੇ ਚੰਗੇਰੇ ਭਵਿੱਖ ਲਈ ਲੜਦਿਆਂ ਦਾਅ ਤੇ ਲਾ ਦਿੱਤੀ ਅਤੇ ਉਹਨਾਂ ਸਾਰੇ ਵਿਦਵਾਨਾਂ ਤੇ ਚਿੰਤਕਾਂ ਨੂੰ ਜਿਹੜੇ ਮਨੁੱਖੀ ਹੱਕਾਂ ਦੀ ਰਾਖੀ ਤੇ ਲੋਕ-ਪੱਖੀ ਸਮਾਜ ਦੀ ਸਿਰਜਣਾ ਲਈ ਕੰਮ ਕਰਦੇ ਹੋਏ ਫ਼ਾਸ਼ੀਵਾਦੀ ਹਾਕਮਾਂ ਦੇ ਕਹਿਰ ਦਾ ਸ਼ਿਕਾਰ ਹੋ ਗਏ।



Scanned with OKEN Scanner
Scanned with OKEN Scanner

# ਧੰਨਵਾਦ

ਵੱਡੇ ਵੀਰ ਪ੍ਰਸਿੱਧ ਕਹਾਣੀਕਾਰ ਅਤਰਜੀਤ ਦਾ ਜਿਹਨਾਂ ਨੇ ਇਸ ਪੁਸਤਕ ਵਿਚਲੀਆਂ ਰਚਨਾਵਾਂ ਦਾ ਮੂੰਹ-ਮੱਥਾ ਸੰਵਾਰਨ ਲਈ ਮੈਨੂੰ ਲੋੜੀਂਦੀ ਸੇਧ ਅਤੇ ਅਗਵਾਈ ਦਿੱਤੀ ਅਤੇ ਸਾਰੀਆਂ ਰਚਨਾਵਾਂ ਦਾ ਡੂੰਘਾ ਮੁਤਾਲਿਆ ਕਰਕੇ ਮੁੱਖ ਬੰਦ ਵੀ ਲਿਖਿਆ।



Scanned with OKEN Scanner
Scanned with OKEN Scanner

# ਦੋ ਸ਼ਬਦ ਸੁਲ਼ਗਦੇ ਹਰਫ਼ਾਂ ਬਾਰੇ

ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ।ਕਿਸੇ ਵੀ ਸਮੇਂ ਦੇ ਸਾਹਿਤ ਚੋਂ ਉਸ ਸਮੇਂ ਦੀ ਤਸਵੀਰ ਨਜ਼ਰ ਆ ਜਾਂਦੀ ਹੈ।ਦੂਜੇ ਸ਼ਬਦਾਂ ਵਿੱਚ ਜੇ ਸਮੇਂ ਦੇ ਸੱਚ ਨੂੰ ਸਾਹਿਤ ਰਾਹੀਂ ਪੇਸ਼ ਨਹੀਂ ਕੀਤਾ ਜਾਂਦਾ ਤਾਂ ਉਹ ਸਾਹਿਤ ਸਮਾਜ ਲਈ ਨਾ ਹੋ ਕੇ, ਸਾਹਿਤ ਸਾਹਿਤ ਲਈ ਹੀ ਬਣ ਕੇ ਰਹਿ ਜਾਂਦਾ ਹੈ ਅਰਥਾਤ ਕਲਾ ਕਲਾ ਲਈ, ਜਦ ਕਿ ਕਲਾ ਸਮਾਜ ਲਈ ਜਾਂ ਕਲਾ ਲੋਕ ਹਿੱਤਾਂ ਲਈ ਦੀ ਧਾਰਨਾ ਮਜਬੂਤ ਹੋਣੀ ਚਾਹੀਦੀ ਹੈ।ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨਾਂ, ਸੰਤਾਂ, ਭਗਤਾਂ ਜਾਂ ਗੁਰਸਿੱਖਾਂ ਦੀ ਕਾਵਿਮਈ ਰਚਨਾ ਵਿੱਚੋਂ ਉਸ ਸਮੇਂ ਦੇ ਸੱਚ ਦੇ ਦਰਸ਼ਨ ਕਰ ਸਕਦੇ ਹੋ।ਇਸ ਮਹਾਨ ਗ੍ਰੰਥ ਵਿੱਚ ਜੇ ਇਕ ਪਾਸੇ ਸਮਾਜ ਦੀ ਤਰਸਯੋਗ ਹਾਲਤ ਦਾ ਬਿਆਨ ਕਰਦਿਆਂ ਨਿਰਮੂਲ ਕਰਮਕਾਂਡਾਂ, ਵਹਿਮਾਂ-ਭਰਮਾਂ, ਪਖੰਡਾਂ, ਜਾਤ-ਪਾਤੀ ਵਿਤਕਰਿਆਂ, ਊਚ-ਨੀਚ ਦੇ ਵਿਚਾਰਾਂ ਅਤੇ ਮਨੁੱਖੀ ਗੁਣਾਂ ਤੋਂ ਸੱਖਣੇ ਧਾਰਮਿਕ ਰਹਿਬਰਾਂ ਦੇ ਦਿਖਾਵੇ ਦੇ ਧਰਮ ਤੋਂ ਪੜਦਾ ਚੁੱਕਿਆ ਗਿਆ ਹੈ ਤਾਂ ਦੂਜੇ ਪਾਸੇ ਉਸ ਸਮੇਂ ਦੇ ਹਾਕਮਾਂ ਤੇ ਅਧਿਕਾਰੀਆਂ ਵੱਲੋਂ ਮਜ਼ਲੂਮ ਜਨਤਾ ਤੇ ਕੀਤੇ ਜਾ ਰਹੇ ਜ਼ੁਲਮਾਂ ਦੇ ਬਖੀਏ ਵੀ ਉਧੇੜੇ ਗਏ ਹਨ।ਕਹਿਣ ਤੋਂ ਮੇਰਾ ਭਾਵ ਇਹ ਹੈ ਕਿ ਸਾਹਿਤਕਾਰ ਸਮਾਜ ਦੇ ਅਜਿਹੇ ਵਰਤਾਰੇ ਤੋਂ ਅਭਿੱਜ ਨਹੀਂ ਰਹਿ ਸਕਦਾ। ਜੇਕਰ ਕੋਈ ਸਾਹਿਤਕਾਰ ਆਪਣੇ ਲੋਕਾਂ ਨਾਲ਼ ਸਮੇਂ ਦੇ ਹਾਕਮਾਂ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ, ਲੁੱਟ-ਖਸੁੱਟ, ਅਤੇ ਬੇਇਨਸਾਫ਼ੀ ਨੂੰ ਵੇਖ ਕੇ ਚੁੱਪ ਰਹਿੰਦਾ ਹੈ ਤੇ ਆਪਣੀ ਰਚਨਾ ਵਿੱਚ ਇਸ ਦੀ ਝਲਕ ਨਹੀਂ ਪੈਣ ਦਿੰਦਾ ਤਾਂ ਉਹ ਸਹੀ ਅਰਥਾਂ ਵਿੱਚ ਸਾਹਿਤਕਾਰ ਨਹੀਂ ਅਖਵਾ ਸਕਦਾ ਸਗੋਂ ਹਾਕਮ ਜਮਾਤ ਦਾ ਧੂਤੂ ਹੋ ਸਕਦਾ ਹੈ।ਪੰਜਾਬੀ ਬੋਲੀ ਦੇ ਹਜ਼ਾਰਾਂ ਲੇਖਕ ਸਹੀ ਅਰਥਾਂ ਵਿੱਚ ਲੋਕ-ਸਰੋਕਾਰਾਂ ਨਾਲ ਜੁੜੀ ਸਾਹਿਤਕਾਰੀ ਦਾ ਆਪਣਾ ਬਣਦਾ ਫ਼ਰਜ਼ ਨਿਭਾ ਰਹੇ ਹਨ।ਮੈਂ ਵੀ ਉਹਨਾਂ ਦੀ ਕਤਾਰ ਵਿੱਚ ਆਪਣਾ ਨਾਂ ਦਰਜ ਕਰਾਉਣ ਦੀ ਕੋਸ਼ਿਸ਼ ਵਿੱਚ ਹਾਂ।

ਕਵਿਤਾ ਲਿਖਣਾ ਹਰ ਬੰਦੇ ਦੇ ਵੱਸ ਦੀ ਗੱਲ ਨਹੀਂ ਹੁੰਦੀ।ਮੇਰੀ ਸਮਝ ਇਹ ਹੈ ਕਿ ਕਵਿਤਾ ਇਕ ਕੁਦਰਤੀ ਦਾਤ ਹੈ ਜੋ ਚੇਤਨ ਦਿਮਾਗ ਚੋਂ ਨਿਕਲਦੀ ਹੈ।ਮੈਨੂੰ



Scanned with OKEN Scanner
Scanned with OKEN Scanner

ਕਵਿਤਾ ਲਿਖਣੀ ਨਹੀਂ ਸੀ ਆਉਂਦੀ।ਕਹਾਣੀ ਜਾਂ ਵਾਰਤਕ ਕਿਸੇ ਹੱਦ ਤੱਕ ਲਿਖ ਲੈਂਦਾ ਹਾਂ। ਪਰ ਸਾਡੇ ਸ਼ਹਿਰ ਦੀਆਂ ਪੰਜਾਬੀ ਸਾਹਿਤ ਸਭਾਵਾਂ ਆਮ ਤੌਰ ਤੇ ਕਵੀ ਦਰਬਾਰ ਹੀ ਆਯੋਜਿਤ ਕਰਦੀਆਂ ਹਨ।ਕਹਾਣੀ ਜਾਂ ਨਾਵਲ ਗੋਸ਼ਟੀ ਨਹੀਂ ਕਰਵਾ ਰਹੀਆਂ, ਨਾ ਹੀ ਛਪ ਚੁੱਕੀਆਂ ਪੁਸਤਕਾਂ ਤੇ ਕੋਈ ਵਿਚਾਰ ਚਰਚਾ ਹੁੰਦੀ ਹੈ (ਭਵਿੱਖ ਵਿੱਚ ਕਰਨ ਲੱਗ ਜਾਣ ਤਾਂ ਕਹਿ ਨਹੀਂ ਸਕਦਾ)।ਸਮਾਗਮਾਂ ਵਿੱਚ ਦੂਰ ਦੂਰ ਤੋਂ ਕਵੀ ਸੱਜਣ ਆਉਂਦੇ ਹਨ ਤੇ ਦੂਜਿਆਂ ਦੀ ਕਵਿਤਾ ਸੁਣਦੇ-ਸੁਣਦੇ ਆਪਣੀ ਕਵਿਤਾ ਬੋਲਣ ਦੀ ਵਾਰੀ ਉਡੀਕਦੇ ਰਹਿੰਦੇ ਹਨ।ਆਪਣੀ ਕਵਿਤਾ ਸੁਣਾ ਕੇ ਉਹ ਕਵੀ ਦਰਬਾਰ ਵਿੱਚ ਹਾਜ਼ਰੀ ਲਵਾਉਂਦੇ ਪਰ ਮੈਂ ਕਿਸੇ ਚਲੰਤ ਮਸਲੇ ਤੇ ਦੋ ਚਾਰ ਸ਼ਬਦ ਕਹਿ ਕੇ ਆਪਣੀ ਥਾਂ ਲੈਂਦਾ ਸਾਂ।ਮੈਂ ਜਦ ਕਦੇ ਵੀ ਸਾਹਿਤ ਸਭਾ ਦੇ ਅਜਿਹੇ ਸਮਾਗਮ ਵਿੱਚ ਜਾਂਦਾ ਤਾਂ ਮੈਨੂੰ ਇਹ ਆਪਣੀ ਘਾਟ ਮਹਿਸੂਸ ਹੁੰਦੀ ਰਹੀ।ਮੈਂ ਇਸ ਪਾਸੇ ਸੋਚਣਾ ਸ਼ੁਰੂ ਕੀਤਾ ਤਾਂ ਸਰਸਵਤੀ ਦੇਵੀ ਦੀ ਕਿਰਪਾ ਹੋਣ ਲੱਗ ਪਈ।ਸਮਾਜ ਵਿੱਚ ਵਾਪਰਦੀਆਂ ਕੁਝ ਘਟਨਾਵਾਂ ਜੋ ਕਹਾਣੀ ਦੇ ਚੌਖ਼ਟੇ ਵਿੱਚ ਫਿੱਟ ਨਹੀਂ ਬੈਠਦੀਆਂ, ਨੂੰ ਸਾਹਿਤਕ ਰੂਪ ਦੇਣ ਲਈ ਤੁਕਬੰਦੀ ਜਾਂ ਕਵਿਤਾ ਮਾਧਿਅਮ ਬਣਨ ਲੱਗੀ।ਹੁਣ ਤੱਕ ਜਿੰਨੀ ਕੁ ਰਚਨਾ ਇਸ ਤੁੱਛ ਬੁੱਧੀ ਨੇ ਕਾਵਿਮਈ ਢੰਗ ਨਾਲ ਕੀਤੀ ਹੈ 'ਸੁਲਘਦੇ ਹਰਫ਼ਾਂ ਦੀ ਲੋਅ' ਦੇ ਰੂਪ ਵਿੱਚ ਤੁਹਾਡੇ ਰੂ-ਬਰੂ ਕਰ ਰਿਹਾ ਹਾਂ।ਦੱਸਣਾ ਤੁਸੀਂ ਹੈ ਕਿ ਮੇਰੀ ਇਹ ਤੁਕਬੰਦੀ ਸਮਾਜ ਦਾ ਸ਼ੀਸ਼ਾ ਬਣ ਸਕੀ ਹੈ ਜਾਂ ਨਹੀਂ ਜਾਂ ਮੈਂ ਸਹੀ ਅਰਥਾਂ ਵਿੱਚ ਸਮਾਜਕ ਸਰੋਕਾਰਾਂ ਨੂੰ ਪੇਸ਼ ਕਰਨ ਵਿੱਚ ਕਿੰਨਾ ਕੁ ਸਫ਼ਲ ਹੋ ਸਕਿਆ ਹਾਂ।ਸਾਰਥਕ ਹੁੰਗਾਰੇ ਦੀ ਉਡੀਕ ਵਿੱਚ,

ਤੁਹਾਡਾ ਆਪਣਾ ਕਲਮ-ਘਸੀਟ,

**ਜਸਵਿੰਦਰ ਸਿੰਘ 'ਮਾਣੋਚਾਹਲ'**



Scanned with OKEN Scanner
Scanned with OKEN Scanner

# ਮੁੱਖ-ਬੰਦ

ਸਾਹਿਤ ਅਤੇ ਕਲਾ ਦੀ ਕੋਈ ਵੀ ਵਿਧਾ ਹੋਵੇ, ਜੀਵਨ ਭਾਵ ਸਮਾਜਿਕ ਸਰੋਕਾਰਾਂ ਤੋਂ ਨਿਰਲੇਪ ਨਹੀਂ ਹੋ ਸਕਦੀ।ਕਲਾ ਅਤੇ ਸਾਹਿਤ ਦੇ ਸੰਦਰਭ ਵਿੱਚ ਦੋ ਧਾਰਨਾਵਾਂ ਆਪਸੀ ਪੈਂਤੜੇ ਤੇ ਖੜੀਆਂ ਦੇਖੀਆਂ ਜਾ ਸਕਦੀਆਂ ਹਨ : ਇਕ ਕਲਾ ਕਲਾ ਲਈ ਤੇ ਦੂਜੀ ਕਲਾ ਜੀਵਨ ਜਾਂ ਸਮਾਜ ਲਈ।'ਕਲਾ ਜੀਵਨ ਦੀ ਬਿਹਤਰੀ ਲਈ' ਦਾ ਮੁਹਾਵਰਾ ਲੋਕਮੁਖੀ ਹੁੰਦਾ ਹੈ ਜਦੋਂ ਕਿ ਸਿਰਫ਼ ਕਲਾ ਮਨੋਰੰਜਨ ਲਈ ਜਾਂ 'ਕਲਾ ਕਲਾ ਲਈ' ਦਾ ਵਿਚਾਰ ਪੇਸ਼ ਕਰਨ ਵਾਲ਼ੇ ਪਿਛਾਖੜੀ ਤਾਕਤਾਂ ਦੀ ਉਮਰ ਲੰਮੇਰੀ ਕਰਨ ਦੇ ਭਾਗੀਦਾਰ ਹੁੰਦੇ ਹਨ।ਸਾਹਿਤ ਅਤੇ ਕਲਾ ਦੀ ਹਰੇਕ ਵਿਧਾ ਲਈ ਹੀ ਲਾਜ਼ਮੀ ਹੈ ਕਿ ਉਹ ਜ਼ਿੰਦਗੀ ਦੀ ਤਰੱਕੀ ਅਰਥਾਤ ਗਤੀਸ਼ੀਲਤਾ ਦੀ ਸੰਦੇਸ਼ ਵਾਹਕ ਬਣੇ ਨਾ ਕਿ ਖੜੋਤ ਅਤੇ ਪਿੱਛਲਖ਼ੁਰੀ ਮੁੜਨ ਦੀ ਸਲਾਹ ਦੇਣ ਵਾਲ਼ੀ।ਸਾਫ਼ ਤੇ ਸਪੱਸ਼ਟ ਸ਼ਬਦਾਂ ਵਿੱਚ ਜੇ ਗੱਲ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਸਾਹਿਤ ਅਤੇ ਕਲਾ ਜੇ ਲੋਕ-ਹਿੱਤਾਂ ਵਿੱਚ ਨਹੀਂ ਖਲੋਂਦੀ ਤਾਂ ਇਹ ਜੀਵਨ ਲਈ ਕਿਸੇ ਕੰਮ ਦੀ ਨਹੀਂ ਹੈ।ਅੱਜ ਜਦੋਂ ਕਿ ਹੁਕਮਰਾਨ ਜਮਾਤਾਂ ਮੁਲਕ ਦੇ ਰੂਪ-ਸਰੂਪ ਨੂੰ ਕਰੂਪ ਕਰਨ ਲੱਗੀਆਂ ਹੋਈਆਂ ਹਨ ਤਾਂ ਸਾਹਿਤ ਅਤੇ ਕਲਾ ਦੇ ਰਚਣਹਾਰਿਆਂ ਤੇ ਹੋਰ ਵੀ ਵੱਡੀ ਜ਼ਿੰਮੇਵਾਰੀ ਆਇਤ ਹੋ ਜਾਂਦੀ ਹੈ।ਮੁਲਕ ਨੂੰ ਭਗਵਾਂਕਰਨ ਦੇ ਨਾਂ ਤੇ ਇੱਕ ਦੇਸ਼ ਇੱਕ ਸੱਭਿਆਚਾਰ ਦੇ ਅਜੰਡੇ ਨੂੰ ਲਾਗੂ ਕਰਨ ਲਈ ਭਾਜਪਾ-ਆਰ ਐਸ ਐਸ ਜੁੰਡਲੀ ਤਾਬੜਤੋੜ ਯਤਨ ਕਰਨ ਲੱਗੀ ਹੋਈ ਹੈ।ਦੇਸ਼ ਵਿੱਚ ਰਹਿੰਦੇ ਘੱਟ-ਗਿਣਤੀ ਭਾਈਚਾਰਿਆਂ ਨੂੰ ਇਸ ਵਕਤ ਆਪਣਾ ਭਵਿੱਖ ਧੁੰਦਲਾ ਦਿਖਾਈ ਦੇਣ ਲੱਗ ਪਿਆ ਹੈ।ਇਹੋ ਜਿਹੀ ਸੂਰਤੇ-ਹਾਲ ਵਿੱਚ ਲੇਖਕ ਦਾ ਚੇਤਨ ਹੋ ਕੇ ਲੋਕ-ਪੱਖੀ ਸੰਘਰਸ਼ ਦਾ ਹਿੱਸਾ ਬਣਨ ਦੀ ਰੁੱਤ ਆ ਗਈ ਹੈ।ਜਸਵਿੰਦਰ ਸਿੰਘ ਦੀ ਕਾਵਿ-ਸਿਰਜਣਾ ਦਾ ਪਾਠ ਕਰਦਿਆਂ ਮੈਂ ਇਹ ਗੱਲ ਮਹਿਸੂਸ ਕੀਤੀ ਹੈ ਕਿ ਕਵੀ ਆਪਣੇ ਫ਼ਰਜ਼ ਦੀ ਸ਼ਨਾਖ਼ਤ ਕਰਕੇ ਪੂਰੀ ਪ੍ਰਤੀਬੱਧਤਾ ਨਾਲ਼ ਲੋਕ-ਸਰੋਕਾਰਾਂ ਨਾਲ਼ ਬਾ-ਵਾਸਤਾ ਹੋ ਕੇ ਕਲਮਕਾਰੀ ਕਰ ਰਿਹਾ ਹੈ। ਉਸ ਦੇ ਹੱਥਲੇ ਕਾਵਿ-ਸੰਗ੍ਰਹਿ ਵਿੱਚ ਉਸ ਦੀਆਂ ਕੁਝ ਛੰਦ-ਮੁਕਤ ਜਾਂ ਤੁਕਾਂਤ ਰਹਿਤ ਕਵਿਤਾਵਾਂ ਸ਼ਾਮਲ ਹਨ



Scanned with OKEN Scanner
Scanned with OKEN Scanner

ਅਤੇ ਕੁਝ ਗ਼ਜ਼ਲਾਂ ਉਸ ਦੀ ਸਿਰਜਣਕਾਰੀ ਵਿੱਚ ਸ਼ਾਮਲ ਹਨ।ਇਹਨਾਂ ਕਾਵਿ-ਵੰਨਗੀਆਂ ਦਾ ਪਾਠ ਕਰਦਿਆਂ ਮੈਂ ਦਾਅਵਾ ਕਰ ਸਕਦਾ ਹਾਂ ਕਿ ਮਾਣੋਚਾਹਲ ਕੋਲ਼ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਦੋਵੇਂ ਮੌਜੂਦ ਹਨ।ਦ੍ਰਿਸ਼ਟੀ ਨਾਲੋਂ ਦ੍ਰਿਸ਼ਟੀਕੋਣ ਦੀ ਮਹੱਤਤਾ ਨੂੰ ਕਵੀ ਚੰਗੀ ਤਰ੍ਹਾਂ ਸਮਝਦਾ ਹੈ ਤੇ ਆਪਣੀ ਰਚਨਾਤਮਿਕਤਾ ਨੂੰ ਉਸ ਰੰਗਣ ਵਿੱਚ ਰੰਗਣ ਦਾ ਉਹਨੂੰ ਵੱਲ ਵੀ ਹੈ।ਇਸ ਕਾਵਿ ਸੰਗ੍ਰਹਿ ਵਿੱਚ ਕਵੀ ਨੇ ਕੁਝ ਗੀਤ ਵੀ ਸ਼ਾਮਲ ਕੀਤੇ ਹਨ।ਕਵੀ ਨੇ ਬਹਾਰ ਉਡੀਕਦੀ ਫੌਜਣ ਦੇ ਦਰਦ ਨੂੰ ਦੁਗਾਣੇ ਦੇ ਰੂਪ ਵਿੱਚ ਬਿਆਨ ਕੀਤਾ ਹੈ। 'ਹੱਕਾਂ ਨੂੰ ਪੈਂਦੇ ਚੋਰ ਜਦੋਂ' ਗੀਤ ਵਿੱਚ ਮਨੁੱਖੀ ਸਮਾਜ ਉੱਪਰ ਟੁੱਟ ਰਹੀਆਂ ਮੁਸੀਬਤਾਂ ਨੂੰ ਬੜੇ ਕਲਾਮਈ ਢੰਗ ਨਾਲ਼ ਪੇਸ਼ ਕੀਤਾ ਗਿਆ ਹੈ।ਮੈਂ ਦਾਅਵੇ ਨਾਲ਼ ਕਹਿ ਸਕਦਾ ਹਾਂ ਕਿ 'ਮਾਣੋਚਾਹਲ' ਦੀ ਕਵਿਤਾ ਵਿੱਚ ਕਾਵਿ ਸ਼ਾਸਤਰ ਦੇ ਲਿਹਾਜ਼ ਨਾਲ਼ ਕਲਾ ਦੀ ਘਾਟ ਤਾਂ ਹੋ ਸਕਦੀ ਹੈ ਪਰ ਉਹਦੀ ਸਿਰਜਣਕਾਰੀ ਵਿਚਾਰਧਾਰਕ ਪੱਖੋਂ ਮਕਬੂਲ ਅਤੇ ਅਮੀਰ ਅਰਥਾਂ ਦੀ ਲਿਖਾਇਕ ਹੈ।'ਦਿੱਲੀ ਨੂੰ ਵੰਗਾਰ', ਹਾਕਮ ਹੁਕਮ ਕਰੇਂਦਆ, ਨਸ਼ਾਖ਼ੋਰੀ, ਪਹਿਲਵਾਨ ਧੀਆਂ ਨਾਲ਼ ਹੋਈ ਬੇਇਨਸਾਫ਼ੀ, ਨਵ ਜੰਮੀਆਂ ਧੀਆਂ, ਜੰਗ ਤਕੜੇ ਮਾੜੇ ਦੀ, ਆਦਿ ਵਿਸ਼ਿਆਂ ਨੂੰ ਵੀ ਸੁਚੱਜੇ ਢੰਗ ਨਾਲ਼ ਪੇਸ਼ ਕੀਤਾ ਗਿਆ ਹੈ।ਇਸੇ ਤਰ੍ਹਾਂ ਪਿਛਲੇ ਦਿਨੀਂ ਵਿਛੋੜਾ ਦੇ ਗਏ ਕਵੀ ਤੇ ਕਹਾਣੀਕਾਰ ਮਨਮੋਹਨ ਸਿੰਘ ਬਾਸਰਕੇ ਨੂੰ ਯਾਦ ਕਰਦਿਆਂ ਉਸ ਦੀ ਲੇਖਣੀ ਦਾ ਖ਼ੂਬਸੂਰਤ ਮੁਲਾਂਕਣ ਕੀਤਾ ਹੈ।

ਅੰਤਲੇ ਪੰਨਿਆਂ ਉੱਪਰ ਲੰਮੀ ਕਾਵਿ ਵੰਨਗੀ ਪੈਂਤੀ ਅੱਖਰੀ ਨੂੰ ਬੈਂਤ ਛੰਦ ਰਾਹੀ ਪੇਸ਼ ਕਰਦਿਆਂ ਧਾਰਮਿਕ, ਰਾਜਨੀਤਕ, ਸਮਾਜਿਕ ਵਰਤਾਰਿਆਂ ਅਧੀਨ ਗੁਜ਼ਰ ਰਹੇ ਮੁਲਕ ਨੂੰ ਪ੍ਰਗਤੀਸ਼ੀਲ ਦ੍ਰਿਸ਼ਟੀਕੋਣ ਤੋਂ ਹੂਬਹੂ ਮੂਰਤੀਮਾਨ ਕੀਤਾ ਹੈ।ਕਵੀ ਖ਼ੁਦ ਪ੍ਰਗਤੀਸ਼ੀਲ ਵਿਚਾਰਧਾਰਾ ਨਾਲ ਲੈਸ ਹੈ ਜੋ ਆਪਣੇ ਅਧਿਆਪਨ ਦੇ ਕਾਰਜ ਖੇਤਰ ਵਿੱਚ ਵੀ ਜਥੇਬੰਦਕ ਘੋਲ਼ਾਂ ਦੇ ਅੰਗ ਸੰਗ ਰਿਹਾ ਹੈ।ਇਹੋ ਵਜ੍ਹਾ ਹੈ ਕਿ ਉਹ ਲੋਕ ਮੁਖੀ ਵਿਚਾਰਧਾਰਾ ਉੱਪਰ ਪੂਰਨ ਪ੍ਰਤੀਬੱਧਤਾ ਨਾਲ਼ ਸਪੱਸ਼ਟ ਗੱਲ ਕਹਿਣ ਦੀ ਜੁਰਅੱਤ ਰੱਖਦਾ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕਰਦਿਆਂ ਕਵੀ ਮੁਲਕ ਦਾ ਜੋ ਨਕਸ਼ਾ ਪੇਸ਼ ਕਰਦਾ ਹੈ ਉਹ ਅੱਜ ਦੀ ਅਖੌਤੀ ਧਾਰਮਿਕਤਾ ਦਾ ਪਰਦਾ ਫਾਸ਼ ਕਰਨ ਲਈ ਕਾਫ਼ੀ ਹੈ - 'ਪਰ ਗੁਰਸਿੱਖੀ ਦੇ ਭੇਸ ਵਿੱਚ/ ਅੱਜ ਦੇ ਬਾਬਰ ਇਹ /ਪਾਲ਼ ਰਹੇ ਹਨ ਭਾਗੋਆਂ ਨੂੰ/ ਪਿੱਠ ਦੇ ਕੇ ਅੱਜ ਲਾਲੋਆਂ ਨੂੰ।' ਸੱਤਾ ਸੰਪੰਨ ਹਾਕਮ ਤਾਂ ਚਾਹੁੰਦਾ ਹੈ ਕਿ ਲੋਕ ਅਗਿਆਨਤਾ ਦੇ ਜੰਗਲ਼ਾਂ ਵਿੱਚ ਭਟਕਦੇ ਰਹਿਣ ਤੇ ਤਰੱਕੀ ਦੇ ਨਾਂ ਤੇ ਲੋਕਾਂ ਨੂੰ ਵੋਟਾਂ ਦੇ ਗਧੀ ਗੇੜ ਵਿੱਚੋਂ ਬਾਹਰ ਨਾ ਆਉਣ ਦਿੱਤਾ



Scanned with OKEN Scanner
Scanned with OKEN Scanner

ਜਾਵੇ।'ਨਾਨਕ ਕਿਰਤ ਦਾ ਵਾਰਸ' ਨਜ਼ਮ ਵਿੱਚ ਉਹ ਹੋਰ ਵਿਆਖਿਆ ਕਰਦਾ ਗੁਰਮਤਿ ਫ਼ਲਸਫ਼ੇ ਨੂੰ ਉਚਿਆਉਂਦਾ ਹੋਇਆ ਲਿਖਦਾ ਹੈ – 'ਜਾਤ-ਪਾਤ ਤੇ ਊਚ ਨੀਚ ਵਾਲ਼ਾ ਬਾਬੇ ਲੋਕਾਂ ਦਾ ਭਰਮ ਮਿਟਾਇਆ ਸੀ। ਨੀਚਾਂ ਵਿੱਚੋਂ ਸੀ ਅਤਿ ਨੀਚ ਜਿਹੜੇ, ਨਾਨਕ ਉਨ੍ਹਾਂ ਦਾ ਸਾਥ ਨਿਭਾਇਆ ਸੀ। ਹੱਥੀਂ ਕਿਰਤ ਕਰਕੇ ਦੱਸ ਗਿਆ ਸਭ ਨੂੰ, ਕਹਿਣੀ ਕਰਨੀ ਦਾ ਮੇਲ਼ ਕਰਾਇਆ ਸੀ।'

ਮਾਣੋਚਾਹਲ ਨੂੰ ਰਾਜਨੀਤਕ ਵਿਵਸਥਾ ਉੱਪਰ ਕਟਾਕਸ਼ ਦੀ ਸ਼ਾਇਰੀ ਕਰਨ ਦਾ ਵੀ ਪੂਰਾ ਸ਼ਊਰ ਹੈ।ਜਦੋਂ ਕਵੀ ਨਿੱਤ ਦਿਨ ਦੇ ਰਾਜ ਤੰਤਰ ਵਿੱਚ ਹੁੰਦੇ ਚਾਰਾ, ਬੋਫਰਜ਼, ਤਾਬੂਤ ਆਦਿ ਘੁਟਾਲਿਆਂ ਨੂੰ ਵੇਖਦਾ ਹੈ ਤਾਂ ਉਸ ਦੀ ਜ਼ਮੀਰ 'ਕੁਰਸੀ ਤੇ ਵਿਅੰਗ' ਵਰਗੀ ਕਵਿਤਾ ਲਿਖਣ ਲਈ ਪ੍ਰੇਰਦੀ ਹੈ।ਇਸ ਤਰ੍ਹਾਂ ਵਿਅੰਗ ਦਾ ਵਧੀਆ ਨਮੂਨਾ ਹਨ ਇਹ ਕਵਿਤਾਵਾਂ – 'ਤੁਸੀਂ ਮੈਨੂੰ ਕਿਉਂ ਭੰਡਦੇ ਹੋ/ ਜਦ ਕਿ ਤਹਾਨੂੰ ਲੋਕਾਂ ਨੇ ਕਰ ਦਿੱਤਾ ਹੈ ਰੱਦ/ ਤੇ ਮੈਨੂੰ ਦਿੱਤਾ ਹੈ ਫ਼ਤਵਾ ਚਾਰ ਮਾਰਗੀ ਸੜਕਾਂ ਤੇ ਟੌਲ ਪਲਾਜ਼ੇ ਲਾਉਣ ਦਾ।' ਇੱਸੇ ਤਰ੍ਹਾਂ ਕੁਰਸੀ ਤੇ ਵਿਅੰਗ ਹੈ –

'ਜੋੜ ਤੋੜ ਕਈ ਕਰਕੇ ਮੰਤਰੀ ਬਣਿਆ ਤੂੰ,
ਸਾਂਝੀ ਆ ਸਰਕਾਰ ਘੁਟਾਲੇ ਕਰਦਾ ਜਾਹ।
ਸ਼ਹੀਦਾਂ ਦੇ ਨਾਂ ਉੱਤੇ ਮੰਜ਼ਲਾਂ ਖੜੀਆਂ ਕਰ,
ਕੋਈ ਨਹੀਂ ਪੁੱਛਦਾ ਯਾਰ ਘੁਟਾਲੇ ਕਰਦਾ ਜਾਹ।'

ਕਵੀ ਆਪਣੇ ਸਾਥੀਆਂ ਨੂੰ ਸੰਘਰਸ਼ ਕਰਦੇ ਰਹਿਣ ਲਈ ਪ੍ਰੇਰਤ ਕਰਨ ਦਾ ਫ਼ਰਜ਼ ਵੀ ਅਦਾ ਕਰਦਾ ਹੈ।ਉਹ ਬੜੇ ਸਹਿਜ ਨਾਲ਼ ਕਵੀ ਦੀ ਸੋਚ ਨੂੰ ਇੰਨ੍ਹਾਂ ਬੋਲਾਂ ਨਾਲ਼ ਟੁੰਬਦਾ ਹੈ –

ਐਵੇਂ ਵਾਲ਼ ਦੀ ਖੱਲ ਨਾ ਲਾਹ ਕਵੀਆ,
ਸਿੱਧਾ ਸਾਫ਼ ਸਿਧਾਂਤ ਇਸ ਲੁੱਟ ਦਾ ਏ।
ਸਿਰਫ਼ ਦੋ ਹੀ ਜਾਤਾਂ ਨੇ ਜੱਗ ਅੰਦਰ,
ਇੱਕ ਜਾਏ ਲੁੱਟਿਆ, ਦੂਜਾ ਲੁੱਟਦਾ ਏ'

ਇਸ ਸ਼ੇਅਰ ਦੀ ਕਮਾਲ ਵੇਖੋ ਕਿ ਕਵੀ ਨੇ ਜਾਤਾਂ ਸ਼ਬਦ ਨੂੰ ਕਿੰਨੇ ਵਿਸਥਾਰਤ ਅਰਥ ਦਿੱਤੇ ਹਨ।ਇੱਥੇ ਜਾਤ ਸ਼ਬਦ ਦਾ ਅਰਥ ਜਾਤ-ਪਾਤੀ ਅਰਥਾਂ ਤੋਂ ਉੱਪਰ ਜਮਾਤੀ ਟਕਰਾਅ ਦਾ ਚਿੰਨ੍ਹ ਬਣਕੇ ਉੱਭਰਿਆ ਹੈ।

ਇਸ ਤਰ੍ਹਾਂ ਅਖੌਤੀ ਆਜ਼ਾਦੀ ਦੇ 78 ਸਾਲਾਂ ਬਾਅਦ ਵੀ ਮੁਲਕ ਦੀ ਦਸ਼ਾ ਨੂੰ ਇਸ ਕਾਵਿ ਵੰਨਗੀ ਵਿੱਚੋਂ ਵੇਖਿਆ ਜਾ ਸਕਦਾ ਹੈ –



Scanned with OKEN Scanner
Scanned with OKEN Scanner

'ਵਿੰਨ੍ਹਿਆ ਸਰੀਰ ਜਾਪੇ ਵਿੰਨ੍ਹੀ ਅੰਤਰ ਆਤਮਾ।
ਹਰ ਬੰਦਾ ਹੀ ਜਾਪਦਾ ਬਿਮਾਰ ਮੇਰੇ ਸ਼ਹਿਰ ਦਾ।
ਜਿਸਮ ਚੂੰਡੇ ਚਿਮਨੀਆਂ ਤੇ ਖੇਤ ਮੌਤਾਂ ਜੰਮਦੇ,
ਖ਼ਬਰੇ ਕਦੋਂ ਹੈ ਜਾਗਣਾ, ਚੌਂਕੀਦਾਰ ਮੇਰੇ ਸ਼ਹਿਰ ਦਾ।'

ਪਿਛਲੇ ਕੁਝ ਦਹਾਕਿਆਂ ਤੋਂ ਸ਼ੁਰੂ ਹੋਏ ਮਾਨਵ ਵਿਰੋਧੀ ਬਿਰਤਾਂਤ, ਖ਼ਾਸ ਕਰਕੇ ਨਵੇਂ ਹਾਕਮਾਂ ਦੇ 'ਇੱਕ ਮੁਲਕ ਇੱਕ ਭਾਸ਼ਾ, ਇੱਕ ਸਭਿਆਚਾਰ' ਦੇ ਭਗਵਾਂਕਰਨ ਦੇ ਬਿਰਤਾਂਤ ਨੇ ਮੁਲਕ ਦੇ ਰਾਹ ਵਿੱਚ ਕੰਡੇ ਖਿਲਾਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ।ਇਸ ਨਾਲ਼ ਸਮਾਜਕ ਕਦਰਾਂ ਕੀਮਤਾਂ ਤਾਰ ਤਾਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ ਤਾਂ ਕਵੀ, ਕਵੀ ਨੂੰ ਹਲੂਣਾ ਦੇ ਕੇ ਜਗਾਉਣ ਦਾ ਕਾਰਜ ਕਰਦਾ ਦਿਖਾਈ ਦੇਂਦਾ ਹੈ – 'ਦਿੱਲੀ, ਗੁਜਰਾਤ ਰੋਇਆ/ ਜਾਨਵਰਾਂ ਇਨਸਾਨ ਕੋਹਿਆ/ ਚੌਂਕਾਂ ਤੇ ਚੁਰਾਹਿਆਂ ਵਿੱਚ ਮਨੁੱਖਤਾ ਦਾ ਖ਼ੂਨ ਚੋਇਆ/ ਸੜਕਾਂ ਤੇ ਮੌਤ ਨੱਚੀ ਪੀੜ ਤੇਰੇ ਹੋਈ ਨਹੀਂ/ਤੂੰ ਕਾਹਦਾ ਕਵੀ ਹੈਂ ਜੇ ਕਲਮ ਤੇਰੀ ਰੋਈ ਨਹੀਂ।', ਕਾਵਿਕਤਾ ਤੇ ਲੈਅ ਬੱਧ ਸੰਗੀਤ ਦਾ ਸੁਮੇਲ ਹੈ।

ਅਸੀਂ ਆਪਣੀਆਂ ਅੱਖਾਂ ਨਾਲ਼ ਵੇਖਿਆ, ਪੜ੍ਹਿਆ, ਕੰਨਾਂ ਨਾਲ਼ ਸੁਣਿਆ ਹੈ ਕਿ ਪਹਿਲਵਾਨ ਧੀਆਂ ਨੂੰ ਆਪਣੀ ਅਸਮਤ ਦੀ ਰਾਖੀ ਲਈ ਕਿੰਨੀ ਜੱਦੋਜਹਿਦ ਕਰਨੀ ਪਈ।ਕਵੀ ਦੀ ਆਤਮਾ ਤੜਪਦੀ ਹੈ ਜੋ ਉਸ ਵਕਤ ਨੂੰ ਸੰਬੋਧਨ ਕਰਦਾ ਹਾਅ ਦਾ ਨਾਅਰਾ ਮਾਰਦਾ ਹੈ –

'ਹਾਅ ਦਾ ਨਾਅਰਾ ਮਾਰ ਵੇ ਲੋਕਾ, ਧੱਕਾ ਸ਼ਰ੍ਹੇ ਬਜ਼ਾਰ ਵੇ ਲੋਕਾ।
ਧੀਆਂ ਰੋਂਦੀਆਂ ਵੇਖ ਉੱਠ ਕੇ, ਆਈਆਂ ਤੇਰੇ ਬਾਰ ਵੇ ਲੋਕਾ।'

ਕਵੀ ਆਪਣੀ ਰਾਜਨੀਤਕ ਸੂਝ ਮੁਤਾਬਕ ਸਮਝਦਾ ਹੈ ਕਿ ਧਰਮ ਅਤੇ ਰਾਜਨੀਤੀ ਕਿਸੇ ਮੁਲਕ ਦੇ ਦੋ ਵੱਖ ਵੱਖ ਸਰੋਕਾਰ ਹਨ।ਇਹ ਇੱਕ ਸੂਤਰ ਵਿੱਚ ਨਹੀਂ ਬੰਨ੍ਹੇ ਜਾ ਸਕਦੇ।ਧਰਮ ਹਰ ਕਿਸੇ ਦਾ ਜਾਤੀ ਮਸਲਾ ਹੈ ਜਦੋਂ ਕਿ ਰਾਜਨੀਤੀ ਜਮਾਤੀ।ਜਦੋਂ ਇਹਨਾਂ ਦੋਹਾਂ ਨੂੰ ਰਲਗੱਡ ਕੀਤਾ ਜਾਂਦਾ ਹੈ ਤਾਂ ਸਮਾਜ ਵਿੱਚ ਅਨਾਰਕੀ ਫੈਲਾਉਣ ਦਾ ਜ਼ਰੀਆ ਬਣਦਾ ਹੈ।ਮਾਣੋਚਾਹਲ ਦੀ ਸ਼ਾਇਰੀ ਦੀ ਇਹ ਸਿਫ਼ਤ ਹੈ ਕਿ ਉਹ ਆਪਣੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਇੰਚ ਵੀ ਲਾਂਭੇ ਨਹੀਂ ਜਾਂਦਾ।ਉਸ ਦੀ ਇਹ ਪਹਿਰੇਦਾਰੀ ਹੀ ਉਹਦੀ ਕਾਵਿ ਸਿਰਜਣਾ ਦੀ ਸਿਫ਼ਤ ਤੇ ਹਾਸਲ ਹੈ। ਦਿੱਲੀ ਨਾਲ਼ ਸ਼ਾਇਰਾਨਾ ਅੰਦਾਜ਼ ਵਿੱਚ ਕੀਤੇ ਸਵਾਲ ਜਵਾਬ ਵਿੱਚ ਉਹ ਰਾਜਨੀਤੀ ਨੂੰ ਧਰਮ ਦੇ ਗਲ਼ ਵਿੱਚ ਪਈ ਫਾਹੀ ਕਹਿ ਕੇ ਸੰਬੋਧਨ ਕਰਦਾ ਹੈ।



Scanned with OKEN Scanner
Scanned with OKEN Scanner

ਜੱਗ ਜਣਨੀ ਔਰਤ ਜਿਸ ਨੂੰ ਸਾਡਾ ਜਗੀਰੂ ਪ੍ਰਬੰਧ ਦਾਸੀ, ਅੱਯਾਸ਼ੀ ਦਾ ਸਾਧਨ, ਵਿਸ਼-ਗੰਦਲ, ਪੈਰ ਦੀ ਜੁੱਤੀ ਆਦਿ ਕਹਿ ਕੇ ਸੰਬੋਧਨ ਕਰਦਾ ਆ ਰਿਹਾ ਸੀ, ਨੂੰ ਰੱਦ ਕਰਦਿਆਂ ਕਵੀ ਔਰਤ ਨੂੰ ਪ੍ਰਣਾਮ ਕਰਦਾ ਹੈ -'ਔਰਤ! ਤੈਨੂੰ ਹੈ ਪ੍ਰਣਾਮ/ ਤੂੰ ਹੈਂ ਇਸ ਦੁਨੀਆਂ ਦੀ ਸ਼ਾਨ/ਤੇਰੇ ਨਾਲ਼ ਹੀ ਵੱਸੇ ਜਹਾਨ।' 'ਕੰਕਰੀਟ ਦੇ ਜੰਗਲ਼' ਉਸ ਦੀ ਨਜ਼ਮ ਸਮੇਂ ਦੀ ਨਬਜ਼ ਤੇ ਉਂਗਲ ਰੱਖਣ ਵਾਲ਼ੀ ਹੋਰ ਵੀ ਸ਼ਕਤੀਸ਼ਾਲੀ ਨਜ਼ਮ ਹੈ।ਅੱਜ ਜਦੋਂ ਕਿ ਸਾਮਰਾਜੀ ਛਤਰ ਛਾਇਆ ਹੇਠ ਪਲ਼ਦੀਆਂ ਦਲਾਲ ਹੁਕਮਰਾਨ ਜਮਾਤਾਂ ਕਾਰਪੋਰੇਟ ਘਰਾਣਿਆਂ ਨੂੰ ਮੋਟੇ ਮੁਨਾਫ਼ੇ ਦੇਣ ਲਈ ਕਿਸਾਨੀ ਉੱਪਰ ਬਾਬਰ ਬਣ ਕੇ ਧਾਈਆਂ ਹਨ ਤੇ ਕਿਸਾਨੀ ਨੂੰ ਖੇਤੀ ਖੇਤਰ ਵਿੱਚੋਂ ਬਾਹਰ ਧੱਕਣ ਲਈ ਉੱਤਰੀਆਂ ਹੋਈਆਂ ਹਨ, ਖੇਤਾਂ ਵਿੱਚ ਬਹੁ ਮੰਜ਼ਲੇ ਕੰਕਰੀਟ ਦੇ ਜੰਗਲ ਉੱਗ ਆਏ ਹਨ।ਕੁਝ ਬੇਸਮਝ ਕਿਸਾਨ ਧਨ ਦੇ ਪ੍ਰਲੋਭਨ ਕਾਰਨ ਉਪਜਾਊ ਜ਼ਮੀਨਾਂ ਵੇਚ ਰਹੇ ਹਨ, ਦੂਜੇ ਪਾਸੇ ਸੰਘਰਸ਼ਸ਼ੀਲ ਕਿਸਾਨੀ ਜ਼ਮੀਨਾਂ ਬਚਾਉਣ ਲਈ ਸ਼ਾਂਤਮਈ ਯੁੱਧ ਦੇ ਮੈਦਾਨ ਵਿੱਚ ਨਿੱਤਰੀ ਹੋਈ ਹੈ।ਸੋਚਣ ਦੀ ਲੋੜ ਹੈ, 'ਇਹ ਥਾਂ ਥਾਂ ਉੱਸਰ ਰਹੇ ਕੰਕਰੀਟ ਦੇ ਬੇਤਰਤੀਬੇ ਤੇ ਬੇਤਜਵੀਜ਼ੇ ਜੰਗਲ, ਖੋਹੀ ਜਾ ਰਹੇ ਹਨ ਕਿਸਾਨ ਦੀ ਰੋਟੀ।' ਜਿਹੜੇ ਕਵੀ ਜਾਂ ਲੇਖਕ ਸਿਰਫ਼ ਜ਼ਿਹਨੀ ਅਯਾਸ਼ੀ ਵਜੋਂ ਕਲਮ ਘਸੀਟੀ ਕਰਦੇ ਹਨ, ਕਵੀ ਉਹਨਾਂ ਤੇ ਵੀ ਪੋਲਾ ਜਿਹਾ ਤਮਾਚਾ ਜੜ ਕੇ ਅਹਿਸਾਸ ਕਰਾਉਣ ਦੀ ਕੋਸ਼ਿਸ਼ ਕਰਦਾ ਜਾਪਦਾ ਹੈ-'ਪਿਆਰ ਮੁਹੱਬਤ ਤੇ ਇਸ਼ਕ ਮਿਜਾਜ਼ੀ ਤੋਂ ਵਿਹਲ ਮਿਲੇ ਤਾਂ ਸੋਚਣਾ/ਕਿ ਹੋਰ ਵੀ ਬਹੁਤ ਕੁਝ ਹੈ/ਵਾਪਰਦਾ ਸਾਡੇ ਆਲ਼ੇ ਦੁਆਲ਼ੇ/ਜੋ ਕਾਫ਼ੀ ਹੈ ਕਵਿਤਾ ਦਾ ਢਿੱਡ ਭਰਨ ਲਈ।'

ਸੱਤਾ ਸੰਪੰਨ ਹੁਕਮਰਾਨ ਆਪਣੇ ਕਾਲ਼ੇ ਕਾਰਨਾਮਿਆਂ ਨੂੰ ਅੰਜ਼ਾਮ ਦੇਣ ਲਈ 'ਉੱਤਰ ਕਾਟੋ ਮੈਂ ਚੜ੍ਹਾਂ' ਦੀ ਖੇਡ ਖੇਡਦੇ ਪਹਿਲਿਆਂ ਨੂੰ ਮਾੜਾ-ਚੰਗਾ ਆਖਦੇ ਨਵੇਂ ਵਾਅਦੇ ਕਰਦੇ ਹਨ-

'ਆਏ ਨਵੇਂ ਜੋ ਹਾਕਮ ਦੇਣ ਬਿਆਨ ਨਵੇਂ,<br>
ਕਹਿੰਦੇ ਲੋਕੋ ਦੇਸ਼ ਨੂੰ ਸਵਰਗ ਬਣਾਵਾਂਗੇ।<br>
ਸੱਤਰ ਸਾਲਾਂ ਵਿੱਚ ਕਿਸੇ ਜੋ ਕੀਤਾ ਨਹੀਂ,<br>
ਪੰਜਾਂ ਸਾਲਾਂ ਵਿੱਚ ਉਹ ਕਰ ਦਿਖਲਾਵਾਂਗੇ।'

ਪੁਰਾਤਨ ਸਮਿਆਂ ਦੀ ਪ੍ਰੰਪਰਾਗਤ ਕਾਵਿ ਸ਼ੈਲੀ 'ਪੈਂਤੀ ਅੱਖਰੀ' ਦੀ ਵਰਤੋਂ ਕਰਦਾ ਕਵੀ ਆਪਣੀ ਇਨਕਲਾਬੀ ਸੁਰ ਨੂੰ ਬੁਲੰਦ ਕਰਦਾ ਹੈ।ਇਸ ਵਿਧਾ ਦੁਆਰਾ ਉਹ ਮੁਲਕ ਦੀ ਜਿਹੋ ਜਿਹੀ ਤਸਵੀਰ ਪੇਸ਼ ਕਰਦਾ ਹੈ ਪੜ੍ਹ ਕੇ ਇਉਂ ਜਾਪਣ ਲਗਦਾ



Scanned with OKEN Scanner
Scanned with OKEN Scanner

ਹੈ ਕਿ ਅਸੀਂ 'ਰਿਸ਼ੀਆਂ ਮੁਨੀਆਂ ਦੇ ਆਖੇ ਜਾਂਦੇ ਮੁਲਕ' ਵਿੱਚ ਰਹਿ ਰਹੇ ਹਾਂ।ਸੰਘਰਸ਼ ਦੀ ਵਕਾਲਤ ਕਰਦਿਆਂ ਕਵੀ ਦੀ ਕਵਿਤਾ ਪਾਠਕਾਂ ਨੂੰ ਉਂਗਲ ਫੜਾ ਕੇ ਤੁਰਦੀ ਜਾਪਦੀ ਹੈ।ਕਵੀ ਦੀ ਲੋਕ ਪੱਖੀ ਵਿਗਿਆਨਕ ਵਿਚਾਰਧਾਰਾ ਕੋਲ਼ ਇਸ ਦਾ ਹੱਲ ਹੈ।ਉਸ ਨੂੰ ਅਹਿਸਾਸ ਹੈ ਕਿ ਅੰਨਦਾਤੇ ਨੂੰ ਜਾਗਣਾ ਤੇ ਸੰਘਰਸ਼ਾਂ ਦੇ ਮੈਦਾਨ ਵਿੱਚ ਨਿੱਤਰਨਾ ਪੈਣਾ ਹੈ।ਗੁਰੂ ਗੋਬਿੰਦ ਸਿੰਘ ਜੀ ਦੇ ਐਲਾਨਨਾਮੇ ਨੂੰ ਯਾਦ ਕਰਦਿਆਂ ਕਵੀ ਨੇ ਉਹ ਹੱਲ ਵੀ ਦ੍ਰਿਸ਼ਟੀਮਾਨ ਕਰ ਦਿੱਤਾ ਹੈ–

'ਵਿੱਚ ਮੈਦਾਨ ਦੇ ਜੂਝਣ ਦੀ ਥਾਂ ਅੰਨ ਦਾਤੇ,
ਭੰਗ ਦੇ ਭਾੜੇ ਜਾਨ ਗਵਾ ਕੇ ਕਿਉਂ ਮਰਨਾ ?

(ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ਼ ਸੋਚਣ)

ਜ਼ਬਰ ਜ਼ੁਲਮ ਜਦ ਹੱਦਾਂ ਬੰਨੇ ਟੱਪ ਜਾਵੇ,
ਚੁੱਕ ਲੈਣੀ ਤਲਵਾਰ (ਸੰਘਰਸ਼ ਦੀ) ਜਾਇਜ਼ ਹੈ, ਕਿਉਂ ਡਰਨਾ ?'

ਮੈਂ ਆਪਣੇ ਹਿਰਦੇ ਦੀਆਂ ਡੂੰਘਾਈਆਂ ਤੋਂ ਕਵੀ ਨੂੰ ਇਸ ਕਾਵਿ ਸੰਗ੍ਰਹਿ ਲਈ ਹਾਰਦਿਕ ਵਧਾਈ ਦੇਂਦਿਆਂ ਮਾਣ ਮਹਿਸੂਸ ਕਰਦਾ ਹਾਂ।

**ਅਤਰਜੀਤ,**
ਕਥਾ ਨਿਵਾਸ,
ਗੁਰੂ ਕੀ ਨਗਰੀ ਬਠਿੰਡਾ,
ਫ਼ੋਨ ਨੰਬਰ 9417581936



Scanned with OKEN Scanner
Scanned with OKEN Scanner

# ਤਤਕਰਾ


| | | |
|---|---|---|
| 1. | ਬਾਬੇ ਨਾਨਕ ਨੂੰ | 19 |
| 2. | ਇਹ ਯਾਦ ਰੱਖਣਾ | 21 |
| 3. | ਤੁਸੀਂ ਕਿਉਂ ਕਹਿੰਦੇ ਹੋ | 24 |
| 4. | ਚਾਹੁੰਦਾ ਤੇ ਮੈਂ ਵੀ ਸਾਂ | 27 |
| 5. | ਮਾਂ | 28 |
| 6. | ਅਸੀਂ ਜਾਣਦੇ ਹਾਂ | 30 |
| 7. | ਧਰਮ | 32 |
| 8. | ਫ਼ਤਵਾ | 33 |
| 9. | ਔਰੰਗਜ਼ੇਬ ਦੀ ਰੂਹ | 35 |
| 10. | ਕੰਕਰੀਟ ਦੇ ਜੰਗਲ | 36 |
| 11. | ਤੂੰ ਲੜਦਾ ਰਹੀਂ ਸਾਥੀ | 37 |
| 12. | ਮੁਹਾਵਾ ਬੱਸ-ਕਾਂਡ ਦੇ ਸ਼ਿਕਾਰ ਬੱਚਿਆਂ ਨੂੰ ਸ਼ਰਧਾਂਜਲੀ (20 ਸਤੰਬਰ 2016) | 39 |
| 13. | ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਪੁਰਬ ਤੇ | 41 |
| 14. | ਗੁਨਾਹ | 43 |
| 15. | ਜੁਲਾਈ 2023 ਦੇ ਹੜ੍ਹਾਂ ਬਾਰੇ ਕਾਵਿ ਚਿੱਤਰ | 44 |
| 16. | ਕੁਝ ਹੋਰ ਵੀ | 45 |
| 17. | ਤੁਲਸੀ ਦਾਸ ਨੇ ਕਿਹਾ ਸੀ | 47 |
| 18. | ਹਾਲ ਮੇਰੇ ਸ਼ਹਿਰ ਦਾ | 48 |
| 19. | ਭੰਗ ਦੇ ਭਾੜੇ ਕਿਉਂ ਮਰਨਾ ? | 49 |
| 20. | ਕੁਰਸੀ ਤੇ ਵਿਅੰਗ | 50 |
| 21. | ਹਾਕਮ ਦੀ ਨੀਅਤ ਤੇ ਨਸੀਹਤ | 52 |




Scanned with OKEN Scanner
Scanned with OKEN Scanner

22. ਦੇਸ਼ ਸਵਰਗ ਬਣਾਵਾਂਗੇ 54
23. ਦੀਵਾ ਬਾਲ਼ ਬਨੇਰੇ ਉੱਤੇ 56
24. ਕਿੰਜ ਆਖਾਂ ਮੈਂ ਸਾਲ ਮੁਬਾਰਕ ? 57
25. ਆਏ ਸਾਵਣ, ਜਾਏ ਸਾਵਣ 58
26. ਕਿਸਾਨਾਂ ਆਈ ਵਿਸਾਖੀ ਆ 61
27. ਹੁਣ ਕਿਰਤੀ ਕਾਮਾ ਜਾਗ ਪਿਆ 63
28. ਇੱਕ ਨਜ਼ਮ ਲੋਹੜੀ ਦੇ ਨਾਂ 65
29. ਸਾਵਣਾ ਵਰ੍ਹਦਾ ਰਹੋ 66
30. ਹਰ ਇੱਕ ਰੁੱਤ ਨਿਆਰੀ 67
31. ਇੱਕ ਫੌਜੀ ਤੇ ਉਸ ਦੀ ਪਤਨੀ ਦੇ ਮਨੋਭਾਵਾਂ ਨੂੰ ਚਿਤਰਦਾ ਦੋਗਾਣਾ 70
32. ਅਕਲ ਦੀ ਗੋਲ਼ੀ 72
33. ਹੱਕਾਂ ਨੂੰ ਪੈਂਦੇ ਚੋਰ ਜਦੋਂ 73
34. ਕਿਉਂ ਤੂੰ ਇਹਨਾਂ ਦੀ ਸੰਘੀ ਨੂੰ ਹੱਥ ਪਾਇਆ ਦਿੱਲੀਏ 75
35. ਸੁਣ ਹਾਕਮ ਹੁਕਮ ਕਰੇਂਦਿਆ 77
36. ਇਹ ਕਿਉਂ ਭਾਣਾ ਵਰਤਿਆ ਯਾਰ 79
37. ਪਹਿਲਵਾਨ ਧੀਆਂ ਦੇ ਹੱਕ ਵਿੱਚ 81
38. ਸ੍ਰ. ਮਨਮੋਹਨ ਸਿੰਘ ਬਾਸਰਕੇ ਨੂੰ ਕਾਵਿ ਸ਼ਰਧਾਂਜਲੀ 83
39. ਕਵੀ ਜਸਵਿੰਦਰ ਸਿੰਘ ਢਿੱਲੋਂ – ਮੇਰੀ ਨਜ਼ਰ ਵਿੱਚ 84
40. ਤੂੰ ਕਾਹਦਾ ਕਵੀ ਹੈਂ ? 86
41. ਨਵਜੰਮੀ ਧੀ ਦੀ ਪੁਕਾਰ 87
42. ਜੰਗ ਤਕੜੇ-ਮਾੜੇ ਦੀ 89
43. ਬਾਬਾ ਨਾਨਕਾ ਤੇਰੇ ਅਵਤਾਰ-ਦਿਨ ਤੇ 91
44. ਬਦਲ ਗਿਆ ਮੇਰੇ ਪਿੰਡ ਦਾ ਨਕਸ਼ਾ 92
45. ਦਿੱਲੀ ਕਹੇ ਪੰਜਾਬ ਨੂੰ 95
46. ਦਿੱਲੀਏ ਸੁਣ ਪੰਜਾਬ ਦੀ 96
47. ਚਾਰ ਬਿਮਾਰੀਆਂ 98
48. ਧਰਮ ਤੇ ਰਾਜਨੀਤੀ 100
49. ਪੰਚਾਇਤੀ ਚੋਣ – 2024 102



Scanned with OKEN Scanner
Scanned with OKEN Scanner

50. ਜੀਅ ਕਰਦਾ 104
51. ਕੌਮਾਂਤਰੀ ਮਹਿਲਾ ਦਿਵਸ ਤੇ ਔਰਤ ਤੈਨੂੰ ਹੈ ਪ੍ਰਣਾਮ ! 107
52. ਮਨੀਪੁਰ ਹਿੰਸਾ 109
53. ਬੰਦਾ ਬਣ ਜਾਵਾਂ 111
54. ਨਵੇਂ ਸਾਲ ਦੀ ਪੂਰਵ-ਸੰਧਿਆ ਤੇ ਨਵੇਂ ਸਾਲ ਨੂੰ ਮੁਖ਼ਾਤਿਬ 112
55. ਬਾਬਾ ਨਾਨਕ ਕਿਰਤ ਦਾ ਵਾਰਸ 114
56. ਬੋਲ ਕੁਬੋਲ ਰਾਹੀਂ ਪੈਂਤੀ ਅੱਖਰੀ 117



Scanned with OKEN Scanner
Scanned with OKEN Scanner

Scanned with OKEN Scanner
Scanned with OKEN Scanner

# ਭਾਗ ਪਹਿਲਾ – ਖੁੱਲ੍ਹੀ ਕਵਿਤਾ

## 1. ਬਾਬੇ ਨਾਨਕ ਨੂੰ

ਵੇਖ ਬਾਬਾ! ਵੇਖ ਆ ਕੇ,
ਤੇਰੇ ਨਾਮ-ਧਰੀਕਾਂ ਨੂੰ ਵੀ
ਬਾਬਰ ਬਣਨ ਦਾ ਮੌਕਾ ਮਿਲਿਆ।
ਇਹ ਬਾਬਰ ਵੀ ਪੱਟੀਆਂ-ਸੋਂਹਦੇ, ਸੰਧੂਰ-ਪਰੁੱਤੇ, ਹੱਕ ਮੰਗਦੇ
ਸਿਰਾਂ ਤੋਂ ਲਾਹ ਕੇ ਚੁੰਨੀਆਂ, ਖਿਲਾਰਦੇ ਨੇ ਮੀਢੀਆਂ।
ਤਾਕਤ ਦਾ ਨਸ਼ਾ ਏ,
ਹੁਣ ਕੌਣ ਕਹੇਗਾ ਆ ਕੇ, ਏਤੀ ਮਾਰ ਪਈ?
ਤੇਰੀ ਸੱਜਣ ਵਾਲੀ ਸੀਖ ਵੀ ਇਹ ਭੁੱਲ ਗਏ ਨੇ,
ਜੋੜ ਰਹੇ ਹਨ ਇਹ ਤਾਂ ਕਈ ਗੰਜ ਮਾਇਆ ਦੇ।
ਤੂੰ ਤਾਂ ਭਾਗੋ ਦੇ ਮਾਲ-ਪੂੜੇ
ਖਾਣ ਤੋਂ ਕਰ ਦਿੱਤੀ ਸੀ ਨਾਂਹ,
ਪਰ ਇਹ ਤਾਂ ਖ਼ੁਦ ਮਲਕ ਭਾਗੋ ਹਨ ਬਣ ਬੈਠੇ।
ਤੂੰ ਤਾਂ ਡੇਰਾ ਲਾਇਆ ਸੀ
ਘਰ ਲਾਲੋ ਕਿਰਤੀ ਦੇ
ਤੇ ਖਾ ਕੇ ਰੁੱਖੀ-ਮਿੱਸੀ ਦੁੱਧ ਵਰਗੀ
ਖੜਦਾ ਰਿਹੋਂ ਤੂੰ ਨੀਚਾਂ-ਸੰਗ,
ਨਹੀਂ ਕੀਤੀ ਰੀਸ ਕੋਈ ਵੱਡਿਆਂ ਦੀ।
ਪਰ ਗੁਰਸਿੱਖੀ ਦੇ ਭੇਸ 'ਚ ਅੱਜ ਦੇ ਬਾਬਰ ਇਹ
ਪਾਲ ਰਹੇ ਹਨ ਭਾਗੋਆਂ ਨੂੰ, ਪਿੱਠ ਦੇ ਕੇ ਅੱਜ ਦੇ ਲਾਲੋਆਂ ਨੂੰ।
ਤੂੰ ਤਾਂ 'ਝੂਠਾ ਮਦ ਮੂਲ ਨਾ ਪੀਚਈ' ਆਖਿਆ ਸੀ,
ਪਰ ਏਹਨਾਂ ਖੋਲ੍ਹ ਦਿੱਤੇ ਨੇ ਠੇਕੇ ਵੱਧ ਸਕੂਲਾਂ ਤੋਂ।
ਇਹ ਭੁੱਲ ਗਏ ਸਿੱਖਿਆ ਤੇਰੀ ਨੂੰ,



Scanned with OKEN Scanner
Scanned with OKEN Scanner

ਨਾਲੇ ਤਖ਼ਤ-ਬਖ਼ਸ਼ਦੇ ਕਾਮਿਆਂ ਨੂੰ,
ਜਿਹੜੇ ਨਿੱਤ ਖਾਂਦੇ ਨੇ ਡਾਂਗਾਂ
ਬਾਬਰੀ-ਫੌਜ ਦੀਆਂ ਜਾਂ ਪੀਸਣ ਥਾਣੇ ਚੱਕੀਆਂ ।
ਇਹ ਕੁਰਸੀ ਖ਼ਾਤਰ ਰਾਖੀ ਕਰਦੇ ਉਹਨਾਂ ਦੀ
ਜਿਹਨਾਂ ਬੋਧ ਕਰਨ ਦੀ ਥਾਂ ਤੇ ਤੇਰੀ ਬਾਣੀ ਨੂੰ
ਸੁੱਟਿਆ ਜਾ ਕੇ ਸੜਕਾਂ ਤੇ।
ਫਿਰ ਅੱਗ ਨਾਲ ਠੰਢਾ ਕਰਦੇ ਨੇ ਭੜਕਾਏ ਜਜ਼ਬਾਤਾਂ ਨੂੰ,
ਕਰ ਡਾਇਰ ਦੀਆਂ ਰੀਸਾਂ ।
ਤੇਰੇ ਬਾਝੋਂ ਬਾਬਾ ਇੱਥੇ ਕੌਣ ਕਹੇ ਇਸ ਬਾਬਰ ਨੂੰ ਹੁਣ-
ਤੈਂ ਕੀ ਦਰਦ ਨਾ ਆਇਆ ?



Scanned with OKEN Scanner
Scanned with OKEN Scanner

# 2. ਇਹ ਯਾਦ ਰੱਖਣਾ

ਤੁਸੀਂ ਨਹੀਂ ਚਾਹੁੰਦੇ
ਕਿ ਅਸੀਂ ਜਾਣ ਜਾਈਏ ਆਪਣੇ ਹੱਕਾਂ ਦੀ ਸੀਮਾ।
ਤੁਸੀਂ ਇਹ ਵੀ ਨਹੀਂ ਚਾਹੁੰਦੇ,
ਕਿ ਸਾਨੂੰ ਪਤਾ ਲੱਗੇ ਕਿ ਗਰੀਬ ਨੂੰ ਕਿਉਂ ਨਹੀਂ ਮਿਲਦੀ
ਢਿੱਡ ਭਰਕੇ ਦੋ ਡੰਗ ਦੀ ਰੋਟੀ।
ਤੇ ਕਿਉਂ ਉਹਦੇ ਬਾਲਾਂ ਨੂੰ ਨਹੀਂ ਜੁੜਦਾ ਤਨ ਢੱਕਣ ਜੋਗਾ ਕੱਪੜਾ।

ਤੁਸੀਂ ਨਹੀਂ ਚਾਹੁੰਦੇ
ਕਿ ਸਾਡੇ ਬੱਚਿਆਂ ਨੂੰ ਆਵੇ ਊੜਾ-ਆੜਾ ਜਾਂ ਏ ਬੀ ਸੀ
ਮਤਾਂ ਪੜ੍ਹ ਕੇ ਸਮਝ ਜਾਣ ਉਹ ਤੁਹਾਡੀ ਮਕਾਰੀ-ਚਾਲ।

ਤੁਸੀਂ ਤਾਂ ਚਾਹੁੰਦੇ ਹੋ,
ਕਿ ਕਿਰਤੀ ਝੂਰਦਾ ਰਹੇ ਸਾਰੀ ਉਮਰ ਆਪਣੀ ਕਿਸਮਤ ਨੂੰ
ਤੇ ਪਿਆ ਰਹੇ ਜ਼ਿੰਦਗੀ-ਭਰ ਕਰਮਾਂ ਦੇ ਚੱਕਰਾਂ 'ਚ।

ਏਸੇ ਲਈ ਤੁਸੀਂ
ਲੁਕਵੇਂ ਜਿਹੇ ਢੰਗ ਨਾਲ, ਪੈਦਾ ਕਰ ਲਿਆ ਆਪਣਾ ਈਸ਼ਵਰ ਤੇ ਅੱਲਾ
ਤੇ ਧੱਕ ਦਿੱਤਾ ਕਿਰਤੀ ਦੇ ਵਿਹੜੇ ਵੱਲ, ਇਹ ਦਿਲ-ਖਿੱਚਵਾਂ ਖਿਡੌਣਾ,
ਤਾਂ ਕਿ ਪਰਚਿਆ ਰਹੇ ਉਹਦਾ ਮਨ ਤੇ ਭੁੱਲ ਜਾਵੇ ਉਹ ਰੋਟੀ, ਕੱਪੜਾ ਅਤੇ ਮਕਾਨ।

ਤੁਹਾਡੀ ਤਾਂ ਇਹ ਦਿਲੀ ਇੱਛਾ ਹੈ
ਕਿ ਕਿਰਤੀ ਨੂੰ ਜੁੜੇ ਮਸ੍ਹਾਂ ਏਨੀ ਕੁ ਰੋਟੀ ਕਿ ਉਹ ਭੁੱਖਾ ਨਾ ਮਰ ਜਾਵੇ
ਤੇ ਰੱਜਿਆ ਕਿਤੇ ਮਾਲਕ ਦੇ ਗਲ਼ ਵੀ ਨਾ ਪੈ ਜਾਵੇ।



Scanned with OKEN Scanner
Scanned with OKEN Scanner

ਏਸੇ ਲਈ ਤੁਸੀਂ ਸਾਨੂੰ ਦੇਂਦੇ ਹੋ ਸਿੱਖਿਆ ਰੁੱਖੀ-ਮਿੱਸੀ ਖਾਣ ਦੀ।
ਸਾਨੂੰ ਤਾਂ ਤੁਸੀਂ ਦੇ ਰੱਖੇ ਹਨ ਉਸਤਾਦੋਂ-ਸੱਖਣੇ ਡੰਗ-ਟਪਾਊ ਸਕੂਲ਼,
ਤੇ ਬਿਨਾਂ-ਡਾਕਟਰ ਦੇ ਦਵਾਖ਼ਾਨੇ
ਜਿੱਥੇ ਕਦੇ-ਕਦਾਈਂ ਲਗਦੇ ਨੇ ਪੋਲੀਓ ਤੇ ਟੈਟਨਸ ਦੇ ਟੀਕੇ,
ਪਰ ਨਹੀਂ ਮਿਲਦੀ ਟੱਟੀਆਂ-ਉਲਟੀਆਂ ਦੀ ਦਵਾਈ,
ਮਰ ਜਾਂਦੇ ਹਾਂ ਅਸੀਂ ਸ਼ਹਿਰੀ ਹਸਪਤਾਲੋਂ ਉਰ੍ਹਾਂ ਹੀ, ਦਵਾਈ ਜੋਗੇ ਪੈਸਿਆਂ ਖੁਣੋਂ।

ਪਰ ਅਸੀਂ ਤੁਹਾਨੂੰ ਦੱਸ ਦੇਣਾ ਚਾਹੁੰਦੇ ਹਾਂ
ਕਿ ਅਸੀਂ ਹੁਣ ਸਭ ਜਾਣ ਗਏ ਹਾਂ ਕਿ ਕਿਵੇਂ ਨੁੱਚੜਦਾ ਏ ਕਿਰਤੀ ਦਾ ਲਹੂ
ਤੇ ਕਿਵੇਂ ਜ਼ਰਬਾਂ ਖਾਂਦੀ ਏ ਅੰਬਾਨੀ ਤੇ ਅਦਾਨੀ ਦੀ ਦੌਲਤ।

ਤੁਸੀਂ ਤਾਂ ਬਥੇਰਾ ਜ਼ੋਰ ਲਾਇਆ ਸੀ
ਕਿ ਕਿਰਤੀ ਵੰਡਿਆ ਜਾਵੇ, ਧਰਮਾਂ ਤੇ ਮਜ਼੍ਹਬਾਂ ਦੇ ਟੋਲਿਆਂ 'ਚ,
ਤੇ ਚੁੱਕੀ ਫਿਰੇ ਆਪਣੇ ਮੋਢਿਆਂ ਤੇ ਜਾਤਾਂ ਤੇ ਗੋਤਾਂ ਦੇ ਝੰਡੇ,
ਪਰ ਇਹ ਸਾਡੀ ਖ਼ੁਸ਼ਕਿਸਮਤੀ ਸਮਝੋ
ਕਿ ਸਾਨੂੰ ਹੁਣ ਸਮਝ ਆ ਗਿਆ ਕਿਰਤ ਦਾ ਫ਼ਲਸਫ਼ਾ
ਤੇ ਅਸੀਂ ਸਾਰੇ ਇੱਕੋ ਝੰਡੇ ਹੇਠ ਹੋ ਕੇ 'ਕੱਠੇ,
ਖਾ ਰਹੇ ਹਾਂ ਕਸਮਾਂ ਤੇ ਤਾਣ ਰਹੇ ਹਾਂ ਮੁੱਕੇ, ਲਲਕਾਰ ਰਹੇ ਹਾਂ ਤੁਹਾਨੂੰ
ਕਿ ਅਜੇ ਸ਼ਾਮ ਹੀ ਹੋਈ ਹੈ, ਸੂਰਜ ਨਹੀਂ ਡੁੱਬਿਆ।
ਅਤੇ ਨਹੀਂ ਹੁੰਦੀ ਕੋਈ ਵੀ ਐਸੀ ਰਾਤ ਜੀਹਦਾ ਹੋਵੇ ਨਾ ਕੋਈ ਸਵੇਰਾ।

ਯਾਦ ਰੱਖਣਾ,
ਅਸੀਂ 'ਕੱਠੀਆਂ ਕਰ ਰਹੇ ਹਾਂ ਫ਼ੌਲਾਦੀ ਬਾਂਹਵਾਂ,
ਜੀਹਨਾਂ ਦੇ ਵਾਰ ਤੋਂ ਬਚ ਨਹੀਂ ਸਕਣੀ ਤੁਹਾਡੀ ਲਹੂ-ਪੀਣੀ ਧੌਣ।



Scanned with OKEN Scanner
Scanned with OKEN Scanner

ਬੇਸ਼ਕ ਸਾਡੇ ਪੈਰਾਂ ਲਈ
ਤੁਸੀਂ ਬਣਾ ਲਏ ਹਨ ਕਨੂੰਨੀ-ਲੋਹੇ ਦੇ ਸੰਗਲ
ਪਰ ਏਹਨਾਂ ਸੰਗਲਾਂ ਤੇ ਜੰਜ਼ੀਰਾਂ ਨੇ ਰੋਕ ਨਹੀਂ ਸਕਣਾ ਲੋਕਤਾ ਦਾ ਹੜ੍ਹ।
ਇਹ ਤਾਂ ਰੋੜ੍ਹ ਕੇ ਲੈ ਜਾਵੇਗਾ ਤੁਹਾਡੇ ਮਰਮਰੀ ਮਹਿਲ ਦੀਆਂ ਇੱਟਾਂ,
ਤੇ ਏਹਨਾ ਇੱਟਾਂ ਨਾਲ ਉੱਸਰਨਗੇ ਫਿਰ ਸਾਡੇ ਕਾਮਿਆਂ ਤੇ ਕਿਸਾਨਾਂ ਦੇ ਘਰ
ਤੇ ਏਹਨਾਂ ਘਰਾਂ 'ਚ ਫਿਰ ਆਵੇਗੀ ਖ਼ੁਸ਼ਹਾਲੀ ਦੀ ਲੋਅ।
ਇਹ ਯਾਦ ਰੱਖਣਾ, ਇਹ ਯਾਦ ਰੱਖਣਾ।



Scanned with OKEN Scanner
Scanned with OKEN Scanner

# 3. ਤੁਸੀਂ ਕਿਉਂ ਕਹਿੰਦੇ ਹੋ

ਮੇਰੇ ਦੇਸ਼ ਦੇ ਸੁੱਤੇ ਲੋਕੋ !
ਤੁਸੀਂ ਕਿਉਂ ਕਹਿੰਦੇ ਹੋ
ਕਿ ਪਿੰਡਾਂ ਦੀ ਨਹੀਂ ਹੋਈ ਤਰੱਕੀ
ਤੇ ਸਰਕਾਰਾਂ ਸਭ ਕੁਝ ਖਾ ਗੀਆਂ ਲੁੱਟ ਕੇ।
ਜਦਕਿ ਲੋਕੀਂ ਪੈਦਲ ਚਲਣਾ ਭੁੱਲ ਗਏ ਨੇ, ਲੈ ਰਹੇ ਕਾਰਾਂ ਤੇ ਝੂਟੇ,
ਤੇ ਮੋਟਰ ਸਾਈਕਲ ਅਵਾਰਾ ਕੁੱਤਿਆਂ ਵਾਂਗ ਨੇ ਫਿਰਦੇ।

ਤੁਸੀਂ ਕਿਉਂ ਕਹਿੰਦੇ ਹੋ
ਕਿ ਪਿੰਡਾਂ ਕੀਤੀ ਨਹੀਂ ਤਰੱਕੀ ?
ਜਦ ਕਿ ਧਰਮਾ ਜੱਟ
ਰੋਜ਼ ਰਾਤ ਨੂੰ ਦਾਰੂ ਪੀ ਕੇ ਫਿਰੇ ਮਾਰਦਾ ਬੁਲਬੁਲੀਆਂ
ਤੇ ਬਹੁਤੇ ਗੱਭਰੂ ਪੀਵੀ ਜਾਂਦੇ ਖੰਘ ਵਾਲੀ ਦਵਾਈ, ਘੜੀ-ਪਲ ਝੂੰਮਣ ਨੂੰ।
ਕੈਪਸੂਲ਼, ਗੋਲੀਆਂ ਹਰ ਥਾਂ ਥੋਕ ਦੇ ਭਾਅ ਨੇ ਮਿਲਦੇ,
ਲੁਕ-ਛਿਪਕੇ ਕਈ ਲਾਉਂਦੇ ਸੂਟੇ ਆਟੇ ਵਰਗੇ ਪਾਊਡਰ ਦੇ।
ਜਦ ਕਿ ਘੁੱਲੇ ਠੱਠੀ ਵਾਲੇ ਦਾ ਮੁੰਡਾ ਜਾਣ ਲਗ ਪਿਆ ਨਵੇਂ ਸਕੂਲ਼ੇ,
ਤੇ ਊੜਾ-ਐੜਾ ਛੱਡ ਕੇ,
ਪੜ੍ਹਦਾ ਰਹਿੰਦੈ ਏ ਫਾਰ ਐਪਲ ਸਾਰਾ ਦਿਨ।

ਤੁਸੀਂ ਕਿਉਂ ਕਹਿੰਦੇ ਹੋ
ਕਿ ਪਿੰਡਾਂ ਕੀਤੀ ਨਹੀ ਤਰੱਕੀ ?
ਜਦ ਕਿ ਹੁਣ ਤਾਂ ਕਿਸੇ ਵੀ ਘਰ ਵਿੱਚ ਨਹੀਂ ਰਹੀ ਮਧਾਣੀ,



Scanned with OKEN Scanner
Scanned with OKEN Scanner

ਹੁਣ ਤਾ ਪਿੰਡ ਦੀ ਫਿਰਨੀ ਉੱਤੇ ਖੁੱਲ੍ਹ ਗਈਆਂ ਦੋ-ਤਿੰਨ ਡੇਹਰੀਆਂ,
ਤੇ ਸਾਰੇ ਪਿੰਡ ਦਾ ਦੁੱਧ ਇਕੱਠਾ ਹੋ ਕੇ ਪਹੁੰਚੇ ਸ਼ਹਿਰਾਂ ਤਾਈਂ।
ਮੁੰਡੇ ਛੱਡ ਕਬੱਡੀ, ਖੇਡਣ ਲੱਗ ਪਏ ਕ੍ਰਿਕਟ ਨੂੰ,
ਜਿੱਥੇ ਕਿੱਥੇ ਵੇਖੋ, ਗੱਡੀ ਫਿਰਨ ਉਹ ਵਿਕਟਾਂ- ਤਿੰਨ ਫੱਟੀਆਂ,
ਪਰ ਗੱਭਰੂ ਫਿਰਦੇ ਭੱਜੇ ਪਿੱਛੇ ਨਸ਼ਿਆਂ ਦੇ,
ਬਾਕੀ ਰਹਿੰਦੇ, ਕਰਕੇ ਪਲੱਸ-ਟੂ ਸਰਕਾਰੀ ਸਕੂਲ ਤੋਂ,
ਖਾਂਦੇ ਫਿਰਦੇ ਡਾਂਗਾਂ ਪੁਲਿਸ ਦੀਆਂ
ਜਦ ਕਦੇ ਉਹ ਜਾਂਦੇ ਭਰਤੀ ਵੇਖਣ ਨੂੰ।

ਤੁਸੀਂ ਕਿਉਂ ਕਹਿੰਦੇ ਹੋ
ਕਿ ਪਿੰਡਾਂ ਕੀਤੀ ਨਹੀਂ ਤਰੱਕੀ ?
ਜਦ ਕਿ ਪਿੰਡਾਂ ਵਿੱਚ ਤਾਂ ਵਿਛ ਗਿਆ ਹੁਣ ਜਾਲ਼ ਟੁੱਟੀਆਂ ਸੜਕਾਂ ਦਾ,
ਜੀਹਨਾਂ ਉੱਤੇ ਗੱਡੀ ਜਾਵੇ ਪਹਿਲੇ ਜਾਂ ਫਿਰ ਦੂਜੇ ਗੇਅਰ 'ਚ,
ਤੇ ਕਈ ਵਾਰ ਭੱਜ ਕੇ ਮੁਜਰਮ, ਦੇ ਜਾਣ ਪੁਲਿਸ ਨੂੰ ਧੋਖਾ ਏਹਨਾਂ ਸੜਕਾਂ ਤੇ।

ਤੁਸੀਂ ਕਿਉਂ ਕਹਿੰਦੇ ਹੋ
ਕਿ ਪਿੰਡਾਂ ਦੀ ਨਹੀਂ ਹੋਈ ਤਰੱਕੀ,
ਜਦ ਕਿ ਘਰ 2 ਟੀ ਵੀ ਵੇਖਣ ਲੋਕੀਂ ਕੇਬਲ ਤੇ,
ਪਰ ਸੱਥਾਂ ਵਿੱਚ ਨਾ ਤਾਸ਼ ਖੇਡਦਾ ਹੁਣ ਵਿਹਲਾ ਕੋਈ।
ਹੁਣ ਨਹੀਂ ਲੱਭਦਾ ਚੌਂਕ 'ਚ ਲੱਗਾ ਡੇਢ ਕੁ ਫੁੱਟ ਦਾ ਨਲਕਾ
ਜਿਹੜਾ ਬੁੱਕਾਂ-ਮੂੰਹੀਂ ਸੀ ਪਾਣੀ ਕੱਢਦਾ,

ਹੁਣ ਤਾਂ ਦਿੱਸਦੀ ਸੁੱਕੀ ਪਈ ਸਰਕਾਰੀ ਟੂਟੀ
ਤੇ ਬੰਦ ਪਈ ਸਰਕਾਰੀ ਟੈਂਕੀ ਚੜ੍ਹ ਗਈ ਠੇਕੇਦਾਰ ਦੀ ਭੇਟਾ,
ਬੇ-ਰੁਜ਼ਗਾਰਾਂ ਦੇ ਚੜ੍ਹਨ ਲਈ ਉੱਤੇ, ਆਪਣੀ ਮੰਗ ਮਨਾਵਣ ਦੇ ਲਈ,
ਮਟਕਾ ਚੌਂਕ ਦਾ ਬਦਲ ਹੈ ਬਣ ਗਈ।



Scanned with OKEN Scanner
Scanned with OKEN Scanner

ਤੁਸੀਂ ਕਿਉਂ ਕਹਿੰਦੇ ਹੋ
ਕਿ ਪਿੰਡਾਂ ਕੀਤੀ ਨਹੀਂ ਤਰੱਕੀ ?
ਜਦ ਕਿ ਚਿੜੀ ਦੇ ਚੂਕਣ ਨਾਲ ਤੁਰਨ ਦੀ
ਹੁਣ ਕਿਸੇ ਨੂੰ ਲੋੜ ਨਾ ਜਾਪੇ।
ਅੰਮ੍ਰਿਤ ਵੇਲੇ ਗੁੰਮ ਹੋ ਜਾਂਦੀ ਬਾਬੇ ਨਾਨਕ ਵਾਲੀ ਬਾਣੀ,
ਆਸੇ-ਪਾਸੇ ਚਾਰ ਸਪੀਕਰ ਜਦੋਂ ਨੇ ਆਪਣਾ ਸ਼ੋਰ ਮਚਾਂਦੇ।

ਤੇ ਵਿਹੜਿਆਂ ਵਿੱਚ ਤਰੱਕੀ ਵੇਖੋ,
ਦੋ ਦੋ ਮਰਲਿਆਂ ਵਿੱਚ ਬਣੇ ਨੇ ਨਿੱਕੜੇ ਨਿੱਕੜੇ ਘਰ ਜਿਉਂ ਸੂਰਾਂ ਦੇ ਘੁਰਨੇ,
ਜਦ ਕਿ ਸ਼ਾਮਲਾਟ ਤੇ ਕਬਜ਼ਾ ਕੀਤਾ ਚਿਰ ਤੋਂ ਸ਼ਾਹਵਾਂ ਨੇ।

ਜੇ ਲਗਦਾ ਨਹੀਂ ਹੋਈ ਤਰੱਕੀ,
ਤਾਂ ਫਿਰ ਇਹ ਹੈ ਹੱਕ ਤੁਹਾਡਾ,
ਹੱਕ ਕਦੇ ਨਾ ਮੰਗਿਆਂ ਮਿਲਦੇ,
ਹੱਕ ਕਦੇ ਨਾ ਖੜਿਆਂ ਮਿਲਦੇ,
ਹੱਕਾਂ ਖ਼ਾਤਰ ਲੜਨਾ ਪੈਂਦਾ, ਪਲ਼ ਪਲ਼ ਸੂਲ਼ੀ ਚੜ੍ਹਨਾ ਪੈਂਦਾ,
ਹੱਕਾਂ ਖ਼ਾਤਰ ਲੜਨਾ ਸਿੱਖੋ, ਜਾਨ ਤਲੀ ਤੇ ਧਰਨਾ ਸਿੱਖੋ।



Scanned with OKEN Scanner
Scanned with OKEN Scanner

# 4. ਚਾਹੁੰਦਾ ਤੇ ਮੈਂ ਵੀ ਸਾਂ

ਸੋਚਦਾ ਤੇ ਮੈਂ ਵੀ ਸਾਂ ਕਿ ਬਾਹਰ ਖੜ ਕੇ ਦਾਅ-ਪੇਚ ਦੱਸਣ ਨਾਲੋਂ,
ਅਖਾੜੇ ਦੇ ਵਿੱਚ ਹੀ ਢਾਹ ਲਵਾਂਗਾ ਦੁਸ਼ਮਣ ਨੂੰ,
ਪਰ ਨਹੀਂ ਸਾਂ ਜਾਣਦਾ ਕਿ ਦੁਸ਼ਮਣ ਸਾਡੀਆਂ ਹੀ ਫੌਜਾਂ 'ਚ ਕਰਕੇ ਘੁਸਪੈਠ,
ਮਾਰ ਦੇਵੇਗਾ ਕੋਈ ਧੋਬੀ-ਪਟਕਾ, ਉਸਾਰ ਦੇਵੇਗਾ ਕੰਧਾਂ ਅਤੇ ਕਰ ਦੇਵੇਗਾ ਟੁਕੜੇ,
ਜਿਹੜੇ ਭੁੱਲ ਜਾਣਗੇ ਜਮਾਤੀ-ਯੁੱਧ,
ਤੇ ਬਣ ਜਾਣਗੇ ਇੱਕ-ਦੂਜੇ ਦੇ ਜਮਾਤੀ-ਦੁਸ਼ਮਣ।

ਸੋਚਦਾ ਤੇ ਮੈਂ ਵੀ ਸਾਂ ਕਿ ਕੁੱਲੀਆਂ ਤੇ ਢਾਰੇ ਮਿਲ ਖਹਿ ਜਾਣਗੇ
ਮਹਿਲਾਂ ਸੰਗ ਇੱਕ ਦਿਨ ਤੇ ਗੱਡ ਦੇਣਗੇ ਜਿੱਤ ਦਾ ਝੰਡਾ ਮਹਿਲਾਂ ਦੇ ਬਨੇਰੇ ਤੇ।

ਚਾਹੁੰਦਾ ਤੇ ਮੈਂ ਵੀ ਸਾਂ ਕਿ ਬਾਪ ਦੇ ਬਿਆਈਆਂ-ਪਾਟੇ ਪੈਰਾਂ ਦੀ ਸਹੁੰ ਖਾ ਕੇ,
ਸ਼ਾਹਾਂ ਤੇ ਕੰਮੀਆਂ ਵਿਚਕਾਰ ਉੱਸਰੀ ਕੰਧ ਨਾਲ ਟਕਰਾ ਜਾਵਾਂ,
ਪਰ ਭੁੱਲ ਕੇ ਜੱਟ ਤੋਂ ਘਾਹੀ ਬਣ ਜਾਣ ਦੀ ਪੀੜ,
ਤੇ ਕੰਮੀ ਤੋਂ ਕਮੀਣ ਬਣ ਜਾਣ ਦੀ ਚੀਸ,
ਮੈਂ ਕਲਮ ਦਾ ਸਫ਼ਰ ਸ਼ੁਰੂ ਕਰਕੇ,
ਮੁੜ੍ਹਕੇ ਦੇ ਗੀਤ ਗਾਉਂਦੀ ਕਵਿਤਾ ਲਈ ਹਰਫ਼ ਟੋਲਣ ਲੱਗ ਪਿਆ।
ਦੋਸਤੋ! ਹੋ ਸਕੇ ਤਾਂ ਮੁਆਫ਼ ਕਰਨਾ, ਹੋ ਸਕੇ ਤਾਂ ਮੁਆਫ਼ ਕਰਨਾ।



Scanned with OKEN Scanner
Scanned with OKEN Scanner

# 5. ਮਾਂ

ਮਾਂ !
ਓ ਮਾਂ !
ਜੱਗ-ਜਨਨੀ ਮਾਂ!
ਤੇਰੀ ਠੰਢੜੀ ਮਿੱਠੜੀ ਛਾਂ।
ਤੇ ਰੱਬ ਵਰਗਾ ਤੇਰਾ ਨਾਂ।
ਸਾਰੀ ਉਮਰ ਜੇ ਲੱਗਾ ਰਹਾਂ,
ਤੇਰਾ ਕਰਜ਼ ਨਾ ਲਾਹ ਸਕਾਂ।

ਗਿੱਲੀ ਥਾਂ ਪੈ ਬਾਲ ਆਪਣਾ ਪਾਵੇਂ ਸੁੱਕੀ ਥਾਂ।
ਤੇਰੀ ਕੁਰਬਾਨੀ ਦੀ ਕਿਧਰੇ ਮਿਲੇ ਉਦਾਹਰਣ ਨਾ।
ਨੌਂ ਮਹੀਨੇ ਕੁੱਖ਼ 'ਚ ਪਾਲ਼ੇ, ਬੇ-ਖ਼ਬਰ ਦੁਨੀਆਂ।
ਦੁੱਧ ਤੇਰੇ ਦਾ ਕਰਜ਼ਾ ਸਾਰੀ ਉਮਰ ਨਾ ਲਾਹ ਸਕਾਂ।
ਪਾਲ਼-ਪੋਸ਼ ਕੇ ਵੱਡਾ ਕਰ ਤੂੰ ਅਕਲ ਸਿਖਾਉਂਦੀ ਆਂ।
ਅੱਖਾਂ ਤੋਂ ਜਦ ਹੋਵੇ ਓਹਲੇ, ਤੇਰੀ ਮੁੱਠ 'ਚ ਆਵੇ ਜਾਂ।

ਦੁਨੀਆਂ ਕਿੰਨੇ ਔਗੁਣ ਛਾਂਟੇ,
ਪਰ ਤੇਰੇ ਨਾ ਮੂੰਹੋਂ ਅੰਮਾ, ਮਾੜਾ ਸ਼ਬਦ ਸੁਣਾਂ।
ਦੱਸ ਫਿਰ ਤੇਰਾ ਕਰਜ਼ਾ ਅੰਮਾ, ਕਿਵੇਂ ਲਾਹ ਸਕਾਂ?
ਪੜ੍ਹ-ਲਿਖ ਬੱਚਾ ਉੱਡੇ ਅੰਬਰੀਂ, ਨਿੱਤ ਸੁੱਖਾਂ ਸੁੱਖਦੀ ਆਂ।
ਚੜ੍ਹੇ ਜਵਾਨੀ, ਹੋਵੇ ਮਸਤਾਨੀ, ਤਾਂ ਉਹਦੇ ਲਈ ਚੰਗਾ ਰਿਸ਼ਤਾ ਲੱਭਦੀ ਆਂ।



Scanned with OKEN Scanner
Scanned with OKEN Scanner

ਬਾਕੀ ਸਭ ਦੁਨੀਆਂ ਦੇ ਰਿਸ਼ਤੇ ਭਰੇ ਨਾਲ ਲਾਲਚਾਂ।
ਪਰ ਤੇਰਾ ਇੱਕ ਦਿਲ ਹੈ ਮਾਏਂ, ਜੋ ਖ਼ੈਰ ਮੰਗੇ ਹਰ ਥਾਂ ।
ਸੋਚਾਂ, ਮੈਂ ਤੇਰੇ ਲਹੂ ਦਾ ਕਰਜ਼ਾ ਕਦੇ ਨਾ ਲਾਹ ਸਕਾਂ ।
ਮਾਂ ! ਓ ਜੱਗ ਦੀ ਮਾਂ! ਤੇਰੀ ਠੰਢੜੀ ਮਿੱਠੜੀ ਛਾਂ, ਤੇ ਰੱਬ ਵਰਗਾ ਤੇਰਾ ਨਾਂ ।



Scanned with OKEN Scanner
Scanned with OKEN Scanner

# 6. ਅਸੀਂ ਜਾਣਦੇ ਹਾਂ

ਅਸੀਂ ਜਾਣਦੇ ਹਾਂ
ਕਿ ਸਾਡੀ ਲਹੂ-ਮੁੜ੍ਹਕੇ ਦੀ ਕਮਾਈ,
ਕਿੰਜ ਬਦਲ ਜਾਂਦੀ ਹੈ ਤੁਹਾਡੀ ਵਾਈ ਜਾਂ ਜੈੱਡ ਸੁਰੱਖਿਆ 'ਚ।

ਅਸੀਂ ਇਹ ਵੀ ਜਾਣਦੇ ਹਾਂ
ਕਿ ਸਾਡੇ ਬਟੂਏ ਚੋਂ ਚੁਰਾਏ ਸਿੱਕਿਆਂ ਨਾਲ ਹੀ ਚਲਦੀਆਂ ਹਨ ਫੋਰਸਾਂ
ਪਰ ਨਹੀਂ ਕਰਦੀਆਂ ਰਾਖੀ ਉਸ ਬਟੂਏ ਦੀ,
ਤੇ ਇਹਨਾਂ ਦੇ ਨੱਕ ਹੇਠ ਪਲ਼ਦੇ ਮੁਸ਼ਟੰਡੇ ਧੂਹ ਕੇ ਲੈ ਜਾਂਦੇ ਨੇ,
ਸਾਡੀਆਂ ਧੀਆਂ-ਭੈਣਾਂ ਦੇ ਮੋਢੇ ਤੋਂ ਪਰਸ ਤੇ ਝਪਟ ਲੈਂਦੇ ਨੇ ਗਲ਼ਾਂ ਚੋਂ ਚੈਨੀਆਂ।

ਸਾਨੂੰ ਇਹ ਵੀ ਯਾਦ ਹੈ
ਕਿ ਸਾਡੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ 'ਚ ਧੱਕਣ ਵਾਲੇ ਸੁਦਾਗਰਾਂ ਦੀਆਂ ਤਾਰਾਂ
ਜਾ ਜੁੜਦੀਆਂ ਹਨ ਲਾਲ ਬੱਤੀ ਵਾਲੀਆਂ ਕਾਰਾਂ ਵਿੱਚ ਬੈਠੇ ਸਰਦਾਰਾਂ ਨਾਲ।
ਪਰ ਨਹੀਂ ਪਾ ਸਕਦੇ ਇਹਨਾਂ ਨੂੰ ਹੱਥ ਇਹ ਹੂਟਰਾਂ ਵਾਲੇ, ਭਲਾ ਕਿਉਂ ?
ਸਾਡੇ ਤੋਂ ਨਾ ਪੁੱਛੋ, ਤੁਸੀਂ ਆਪ ਜਾਣੀਜਾਣ ਹੋ।

ਸਾਨੂੰ ਤੁਹਾਡੇ ਸ਼ਬਦ-ਕੋਸ਼ ਤੇ ਭੋਰਾ ਵੀ ਸ਼ੱਕ ਨਹੀਂ ਹੈ
ਜਿਸ ਦੇ ਮੁਤਾਬਕ ਹੱਕ ਮੰਗਦੇ-ਲੋਕਾਂ ਦੇ ਗਿੱਟੇ ਸੇਕਣ ਦਾ ਨਾਂ ਹੈ 'ਅਮਨ-ਕਨੂੰਨ'
ਤੇ ਰੋਟੀ ਮੰਗਣ ਦਾ ਅਰਥ ਹੈ ਲਾਠੀਚਾਰਜ ਜਾਂ ਅੱਥਰੂ-ਗੈਸ ਦੇ ਗੋਲ਼ੇ।

ਸਾਨੂੰ ਇਹ ਵੀ ਪਤਾ ਹੈ
ਕਿ ਨਹੀਂ ਰਿਹਾ ਤੁਹਾਨੂੰ ਯਕੀਨ ਆਪਣੀ ਪੁਲਿਸ ਤੇ ਵੀ ਹੁਣ,



Scanned with OKEN Scanner
Scanned with OKEN Scanner

ਤਾਂਹੀਉਂ ਦੇ ਰੱਖੀ ਹੈ ਖੁੱਲ੍ਹ ਆਪਣੇ ਲੱਠਮਾਰਾਂ ਨੂੰ ਵੀ
ਜੋ ਸ਼ਕਲ ਤੋਂ ਤਾਂ ਲਗਦੇ ਹਨ ਮੋਮਨ
ਪਰ ਕਾਫ਼ਰ ਬਣ ਕੇ ਰੋਟੀ ਮੰਗਣ ਵਾਲਿਆਂ ਦੀਆਂ
ਲਹੁੰਦੇ ਨੇ ਪੱਗਾਂ ਤੇ ਪੁੱਟਦੇ ਨੇ ਜੁੰਡੇ,
ਪੈਰਾਂ ਹੇਠ ਰੋਲ਼ਦੇ ਨੇ ਚੁੰਨੀਆਂ ਨੰਨ੍ਹੀ ਛਾਂ ਦੀਆਂ,
ਜੋ ਹੱਕਾਂ ਖਾਤਰ ਦੇ ਦੇਵੇ ਬਲੀ ਆਪਣੇ ਮਸੂਮ ਬੱਚਿਆਂ ਦੀ।
ਫਿਰ ਵੀ ਤੁਸੀਂ ਰਾਤ-ਦਿਨ ਜਪਦੇ ਹੋ ਮਾਲ਼ਾ ਨੰਨ੍ਹੀਆਂ ਛਾਂਵਾਂ ਦੀ।
ਇਹ ਬੇ-ਸ਼ਰਮੀ ਦੀ ਹੱਦ ਨਹੀਂ ਤਾਂ ਹੋਰ ਕੀ ਹੈ ?

ਅਸੀਂ ਸਮਝ ਗਏ ਹਾਂ
ਕਿ ਪੀ ਡੀ ਐੱਸ ਦੀ ਥਾਂ ਕਿਉਂ ਵੰਡ ਰਹੇ ਹੋ ਤੁਸੀਂ ਆਟਾ-ਦਾਲ ਰੁਕ ਰੁਕ ਕੇ,
ਜਦ ਕਿ ਜੀਊਂਦੇ ਰਹਿਣ ਲਈ ਬੰਦੇ ਲਈ 'ਕੰਮ' ਜ਼ਰੂਰੀ ਹੈ।

ਅਸੀਂ ਪੁੱਛਦੇ ਹਾਂ
ਕਿ ਨਰੇਗਾ ਨੂੰ ਛਾਂਗ ਕੇ ਸਾਨੂੰ ਕਿਉਂ ਬਣਾ ਰਹੇ ਹੋ ਨਿਕੰਮੇ ਤੇ ਵਿਹਲੜ ?
ਪਰ ਦੇ ਰਹੇ ਹੋ ਸ਼ਗਨ-ਸਕੀਮਾਂ ਦੀ ਖ਼ੈਰਾਤ ਵੋਟਾਂ ਲੈਣ ਲਈ।
ਸਾਡੇ ਮੇਚ ਦੇ ਮੁਫ਼ਤ ਇਲਾਜ ਦਾ ਕਿਉਂ ਨਹੀਂ ਹੈ ਕੋਈ ਸਿਹਤ ਬੀਮਾ ?
ਅਤੇ ਆਪ ਤੁਸੀਂ ਕਿਉਂ ਲੈਂਦੇ ਹੋ ਲੁਤਫ਼ ਵਿਦੇਸ਼ੀ ਗੱਦਿਆਂ ਦਾ ਸਾਡੇ ਖ਼ਰਚੇ ਤੇ ?

ਸਾਨੂੰ ਤਾਂ ਦੇਂਦੇ ਹੋ ਛੀਂ ਮਹੀਨੀਂ ਢਾਈ ਸੌ ਪੈਨਸ਼ਨ
ਪਰ ਆਪਣੀ ਕਰ ਲੈਂਦੇ ਹੋ ਹਰ ਸਾਲ ਦੁੱਗਣੀ ਬਾਹਾਂ ਖੜੀਆਂ ਕਰਕੇ।
ਸਾਡੇ ਬੱਚਿਆਂ ਲਈ ਹਨ ਉਸਤਾਦ-ਵਿਹੂਣੇ ਸਰਕਾਰੀ ਸਕੂਲ
ਪਰ ਤੁਹਾਡੇ ਸਾਹਿਬਜ਼ਾਦਿਆਂ ਲਈ ਕਿਉਂ ਵਾਤਾ-ਅਨੁਕੂਲ ਅਕਾਦਮੀਆਂ ?
ਫਿਰ ਵੀ ਅੱਧ-ਪਚੱਧੇ ਪੜ੍ਹ ਕੇ ਜਦ ਸਾਡੇ ਇਹ ਦੁਲਾਰੇ ਮੰਗਣ ਕੰਮ
ਤਾਂ ਮਿਲਦੀਆਂ ਡਾਂਗਾਂ ਕਿਉਂ ?
ਇਹ ਸਭ ਜਾਣਦੇ ਹੋਏ, ਅਸੀਂ ਹੁਣ ਰੁੱਝ ਗਏ ਹਾਂ,
ਇਨਕਲਾਬ ਦੀ ਤਿਆਰੀ ਵਿੱਚ
ਕਿਉਂਕਿ ਪੁਰਾਣਾ ਸਭ ਕੁਝ ਢਾਏ ਬਿਨ ਨਵਾਂ ਕੁਝ ਵੀ ਨਹੀਂ ਉਸਰਨਾ।



Scanned with OKEN Scanner
Scanned with OKEN Scanner

# 7. ਧਰਮ

ਉਹ ਹਿੰਦੂ-ਤਵ ਤੇ ਰਾਮ-ਰਾਜ ਦੇ
ਗਾਉਂਦੇ ਨੇ ਸੋਹਿਲੇ ਪਰ ਕਰਦੇ ਹਨ ਕਾਰਪੋਰੇਟਾਂ ਦੀ ਦਲਾਲੀ।
ਤੇ ਇਹ ਰਣਜੀਤ ਸਿੰਘ ਰਾਜ ਦੇ ਗੁਣ ਗਾਉਂਦੇ ਨਹੀਂ ਥੱਕਦੇ
ਪਰ ਕਰ ਰਹੇ ਹਨ ਸਰਕਾਰੀ ਸੰਪਤੀ ਨੂੰ ਬਰਬਾਦ।
ਮੇਰੀ ਗੱਲ ਕੋਈ ਨਹੀਂ ਕਰਦਾ,
ਨਾ ਉਹ, ਨਾ ਇਹ, ਕਿਉਂਕਿ ਮੈਂ ਕਿਰਤੀ ਹਾਂ,
ਜੀਹਨੂੰ ਧਰਮ ਤੋਂ ਪਹਿਲਾਂ ਰੋਟੀ ਦੀ ਲੋੜ ਹੁੰਦੀ ਏ,
ਤੇ ਰੋਟੀ ਨੂੰ ਬਚਾਉਣਾ ਹੁੰਦਾ ਹੈ ਜਿਸ ਦਾ ਧਰਮ।
ਦੋਹਾਂ ਨੂੰ ਹੈ ਮੇਰਾ ਚੈਲੰਜ
ਕਿ ਇੱਕ-ਮੁੱਠ ਹੋ ਰਹੀ ਹੈ ਕਿਰਤੀ ਜਮਾਤ,
ਸਮਝ ਗਈ ਹੈ ਤੁਹਾਡੀ ਬਸਾਤ,
ਤੇ ਜਲਦੀ ਹੋਣ ਵਾਲੀ ਏ ਕੋਈ ਕਰਾਮਾਤ।



Scanned with OKEN Scanner
Scanned with OKEN Scanner

## 8. ਫ਼ਤਵਾ

ਤੁਸੀਂ ਮੈਨੂੰ ਕਿਉਂ ਭੰਡਦੇ ਹੋ ?
ਜਦ ਕਿ ਤਹਾਨੂੰ ਲੋਕਾਂ ਨੇ ਕਰ ਦਿੱਤਾ ਹੈ ਰੱਦ,
ਤੇ ਮੈਨੂੰ ਦਿੱਤਾ ਹੈ ਫ਼ਤਵਾ,
ਚਾਰ-ਮਾਰਗੀ ਸੜਕਾਂ ਤੇ ਟੌਲ-ਪਲਾਜ਼ੇ ਲਾਉਣ ਦਾ।

ਤੁਸੀਂ ਮੈਨੂੰ ਬਦਨਾਮ ਕਿਉਂ ਕਰਦੇ ਹੋ
ਕਿ ਸਭ-ਕੁਝ ਜਾ ਰਿਹਾ ਏ ਪੰਜਾਬ ਦੇ ਦੱਖਣ ਵੱਲ ?
ਸੁਣੋ ! ਉਧਰ ਮੇਰਾ ਘਰ ਹੈ,
ਤੇ ਆਪਣੇ ਘਰ ਨੂੰ ਕੌਣ ਨਹੀਂ ਸਜਾਉਂਦਾ ?

ਤੁਸੀਂ ਸਟੇਜਾਂ ਤੇ ਚੜ੍ਹ ਕੇ,
ਉੱਚੀ ਉੱਚੀ ਉਸਤਾਦੋਂ-ਸੱਖਣੇ ਸਰਕਾਰੀ ਸਕੂਲਾਂ ਦੀ ਗੱਲ ਕਰਦੇ ਹੋ,
ਪਰ ਤੁਸੀਂ ਕੀ ਜਾਣੋ
ਕਿ ਮੈਂ ਵੰਡ ਦਿੱਤਾ ਸਾਰਾ ਖ਼ਜ਼ਾਨਾ ਸਰਪੰਚਾਂ ਨੂੰ ਤੁਹਾਡੇ ਵਿਕਾਸ ਲਈ।

ਤੁਸੀਂ ਬਹੁਤ ਰੌਲਾ ਪਾਉਂਦੇ ਹੋ
ਕਿ ਵਧਾ ਲਏ ਨੇ ਵਜ਼ੀਰਾਂ ਦੀਆਂ ਤਨਖ਼ਾਹਾਂ ਤੇ ਭੱਤੇ,
ਪਰ ਤਹਾਨੂੰ ਨਹੀਂ ਪਤਾ ਕਿ ਵਜ਼ੀਰ ਵੀ ਲੋਕਾਂ ਦੇ ਸੇਵਕ ਹਨ
ਜਿਹੜੇ ਲਾਲ ਬੱਤੀ ਵਾਲੀਆਂ ਗੱਡੀਆਂ 'ਚ
ਬਾਲ ਕੇ ਲੋਕਾਂ ਦਾ ਲਹੂ, ਲੋਕਾਂ ਦੀ ਕਰ ਰਹੇ ਨੇ ਸੇਵਾ ਰਾਤ-ਦਿਨ।



Scanned with OKEN Scanner
Scanned with OKEN Scanner

ਤੁਸੀਂ ਤਾਂ ਬੱਸ ਖਾ ਲੈਂਦੇ ਹੋ ਸੁਲਫਾਸ ਦੀਆਂ ਗੋਲੀਆਂ,
ਪਿਛਲੀ ਫ਼ਸਲ ਦਾ ਕਰਜ਼ਾ ਲਾਹੁਣ ਦੀ ਥਾਂ ਗੀਦੀ ਬਣ ਜਾਂਦੇ ਓ।

ਤੁਸੀਂ ਯਕੀਨ ਕਿਉਂ ਨਹੀਂ ਕਰਦੇ ?
ਕਿ ਅਸੀਂ ਫਿਰ ਤੁਹਾਡੇ ਦਰ ਤੇ ਵੀ ਆਵਾਂਗੇ
ਤੇ ਸੁਣਾਂਗੇ ਤੁਹਾਡੇ ਉਲਾਹਮੇਂ ਮੁੜ-ਫ਼ਤਵਾ ਲੈਣ ਵੇਲੇ।

ਤੁਸੀਂ ਰੋਜ਼ ਕਰਦੇ ਹੋ ਮੁਜ਼ਾਹਰੇ,
ਪੂਰੀ ਤਨਖ਼ਾਹ ਲਈ ਤੇ ਪੱਕੀ ਨੌਂਕਰੀ ਲਈ,
ਪਰ ਭੁੱਲ ਜਾਂਦੇ ਹੋ ਕਿ ਸਾਡੀ ਨੌਕਰੀ ਵੀ ਤਾਂ ਪੰਜ ਸਾਲ ਤੱਕ ਹੀ ਸੀਮਤ ਹੈ।

ਤੁਸੀਂ ਸਾਨੂੰ ਐਵੇਂ ਭੰਡਦੇ ਹੋ,
ਜਦ ਕਿ ਲੋਕਾਂ ਨੇ ਤੁਹਾਨੂੰ ਕਰ ਦਿੱਤਾ ਹੈ ਰੱਦ,
ਤੇ ਸਾਨੂੰ ਦਿੱਤਾ ਹੈ ਫ਼ਤਵਾ ਮਨ-ਮਾਨੀਆਂ ਕਰਨ ਦਾ ਪੰਜ ਸਾਲਾਂ ਲਈ।



Scanned with OKEN Scanner
Scanned with OKEN Scanner

## 9. ਔਰੰਗਜ਼ੇਬ ਦੀ ਰੂਹ

ਔਰੰਗਜ਼ੇਬ ਸਰੀਰੋਂ ਮਰਿਆ,
ਰੂਹ ਓਸ ਦੀ ਵਿੱਚ ਭਾਰਤ ਦੇ,
ਫਿਰੇ ਭਟਕਦੀ, ਫਿਰੇ ਭਾਲਦੀ, ਆਪਣਾ ਰੋਜ਼ ਸ਼ਿਕਾਰ।

ਲੱਭ ਲਵੇ ਦਾਭੋਲਕਰ ਕੋਈ,
ਜਾਂ ਕਿਧਰੇ ਕਲਬੁਰਗੇ,
ਪਨਸਾਰੇ ਜਾਂ ਵਿੱਚ ਦਾਦਰੀ ਘੇਰ ਲਏ ਅਖ਼ਲਾਕ।

ਲਹੂ-ਪਿਆਸੀ ਜੀਭ ਓਸਦੀ,
ਚਾਰੇ ਪਾਸੇ ਘੁੰਮਦੀ ਦਿੱਸੇ, ਮੱਚੀ ਹਾਹਾਕਾਰ।

ਲਗਦਾ ਓਹਨੇ ਧਰਮ ਬਦਲਿਆ, ਧਾਰ ਕੇ ਮੁੜ ਅਵਤਾਰ।
ਕਹਿੰਦਾ ਜੈ ਭਾਰਤ ਮਾਂ ਬੋਲੋ ਜਾਂ ਫਿਰ ਚੱਲ ਜਾਓ ਦੇਸ਼ੋਂ ਬਾਹਰ।

ਮੁੜ ਕੋਈ ਗੋਬਿੰਦ ਆਵੇ ਸ਼ਾਲਾ!
ਲਿਖ ਕੇ ਜ਼ਫ਼ਰਨਾਮਾ
ਰੂਹ ਔਰੰਗੇ ਦੀ ਨੂੰ ਯਾਰੋ ਬਖ਼ਸ਼ੇ ਮੁਕਤੀ-ਨਾਮਾ।



Scanned with OKEN Scanner
Scanned with OKEN Scanner

# 10. ਕੰਕਰੀਟ ਦੇ ਜੰਗਲ

ਇਹ ਥਾਂ ਥਾਂ ਉੱਸਰ ਰਹੇ
ਜੋ ਕੰਕਰੀਟ ਦੇ ਬੇ-ਤਰਤੀਬੇ ਤੇ ਬੇ-ਤਜਵੀਜ਼ੇ ਜੰਗਲ,
ਖੋਹੀ ਜਾ ਰਹੇ ਕਿਸਾਨ ਤੋਂ ਰੋਟੀ, ਵਿਕਾਸ ਦੇ ਨਾਂ ਤੇ।
ਤੇ ਖਾਈ ਜਾ ਰਹੇ ਨੇ, ਕਈ ਢਿੱਡਾਂ ਦੇ ਖਾਣ-ਜੋਗੀ ਤੇ ਮਾਨਣ-ਜੋਗੀ ਛਾਂ।

ਇਹਨਾਂ ਤੋਂ ਜਨਮੀ ਏ ਸ਼ਾਹਾਂ ਦੀ ਇੱਕ ਹੋਰ ਜਮਾਤ,
ਜਿਸ ਦੇ ਪਿੱਛੇ ਖੜਾ ਸ਼ੈਤਾਨ,
ਤੇ ਜਿਸ ਨੇ ਕਰ ਲਈਆਂ ਜ਼ਰਬਾਂ ਅਪਣੀ ਦੋ-ਨੰਬਰੀ ਕਮਾਈ ਨੂੰ।
ਲੈ ਕੇ ਨੋਟਾਂ ਦੇ ਬੰਡਲ ਉਹ ਤਾਂ,
ਖ਼ਰੀਦ ਲੈਂਦੇ ਬਾਦਸ਼ਾਹੀ, ਰੋਟੀ ਲਈ ਵਿਲਕਦੇ ਲੋਕਾਂ ਤੋਂ,
ਤੇ ਪੰਜ ਸਾਲ ਚੂਸਦੇ ਨੇ ਉਹਨਾਂ ਦਾ ਖ਼ੂਨ।

ਬੜੇ ਭੋਲੇ ਨੇ ਮੇਰੇ ਦੇਸ਼ ਦੇ ਲੋਕ,
ਮੁੜ ਪੰਜੀਂ ਸਾਲੀਂ ਜਿਹੜੇ ਬਦਲ ਲੈਂਦੇ ਨੇ ਲੁਟੇਰਾ।



Scanned with OKEN Scanner
Scanned with OKEN Scanner

# 11. ਤੂੰ ਲੜਦਾ ਰਹੀਂ ਸਾਥੀ

ਤੂੰ ਲੜਦਾ ਰਹੀਂ ਸਾਥੀ,
ਹੱਕਾਂ ਦੀ ਖਾਤਰ,
ਕਿਰਤ ਦੀ ਰਾਖੀ ਤੇ ਅਣਖਾਂ ਦੀ ਖਾਤਰ
ਕਿ ਜੀਊਣ ਲਈ ਸਦਾ ਲੜਨਾ ਹੈ ਹੁੰਦਾ
ਤੇ ਵਿੱਚ ਮੈਦਾਨੇ ਖੜਨਾ ਹੈ ਹੁੰਦਾ।

ਤੂੰ ਲੜਨ ਤੋਂ ਪਹਿਲਾਂ ਪਛਾਣ ਲਈ ਦੁਸ਼ਮਣ
ਜੋ ਮਿੱਤਰ ਹੋਣ ਦਾ ਨਾਟਕ ਹੈ ਕਰਦਾ,
ਲੁੱਟਦਾ ਹੈ ਤੈਨੂੰ, ਪਰ ਘਰ ਆਪਣਾ ਭਰਦਾ,
ਜਾ ਮੰਦਰ-ਮਸੀਤੀਂ, ਜਾ ਗਿਰਜੇ-ਗੁਰਦੁਆਰੇ
ਬੜਾ ਧਾਰਮਿਕ ਹੋਣ ਦਾ ਦੰਭ ਹੈ ਕਰਦਾ,
ਗੁੱਝੀ ਛੁਰੀ ਚਲਾਉਂਦਾ ਤੇ ਮੂੰਹੋਂ ਰਾਮ ਰਾਮ ਕਰਦਾ।

ਲੜਨ ਦੇ ਨਾਲ ਸਾਥੀ
ਇਹ ਚੇਤੇ ਸਲਾਹ ਰੱਖੀਂ
ਕਿ ਦੁਸ਼ਮਣ ਦੀ ਥਾਂ ਕਿਤੇ,
ਮਿੱਤਰਾਂ ਦੇ ਨਾਲ ਐਵੇਂ, ਆਢਾ ਨਾ ਲਾ ਰੱਖੀਂ।

ਤੂੰ ਲੜਦਾ ਰਹੀਂ ਸਾਥੀ
ਕਿ ਆਵਾਂਗਾ ਮੈਂ ਵੀ,
ਤੈਨੂੰ ਦੇਣ ਲਈ ਸਾਬਾਸ਼,
ਤੇ ਗਾਉਣ ਲਈ ਸੋਹਿਲੇ
ਜਿੱਤ ਤੇਰੀ ਦੇ, ਕੀਤੀ ਦਲੇਰੀ ਦੇ।



Scanned with OKEN Scanner
Scanned with OKEN Scanner

ਤੇ ਲਿਖਾਂਗਾ ਮਰਸੀਆ ਹਾਕਮ ਲੁਟੇਰੇ ਦਾ
ਉਹਦੇ ਬਦਲਦੇ ਚਿਹਰੇ ਦਾ,
ਜੋ ਗਿਰਗਟ ਵਾਂਗ ਬਦਲੇ ਆਪਣੀ ਜਾਤ ਤੇ ਧਰਮ
ਅਤੇ ਪੈਰਾਂ ਹੇਠ ਮਸਲਦਾ ਹੈ ਕਿਰਤੀ ਦੇ ਕਰਮ।

ਤੂੰ ਲੜਦਾ ਰਹੀਂ ਸਾਥੀ
ਤੋੜ ਕੇ ਕੰਧਾਂ- ਧਰਮਾਂ, ਜਾਤਾਂ, ਰੰਗਾਂ ਤੇ ਨਸਲਾਂ ਦੀਆਂ
ਕਿ ਕਿਰਤ ਦਾ ਹੁੰਦਾ ਇੱਕ ਹੀ ਧਰਮ, ਇੱਕ ਹੀ ਜਮਾਤ,
ਬਾਕੀ ਸਭ ਲੁਟੇਰੇ ਦੀ ਸੋਚ ਦਾ ਵਿਕਾਸ।

ਤੂੰ ਲੜਦਾ ਰਹੀਂ ਸਾਥੀ
ਕਾਫ਼ਲੇ-ਸੰਗ ਮਿਲ ਕੇ ਤੇ ਲੜਦਾ ਇਨਕਲਾਬ ਤੱਕ ਜਾਈਂ।
ਇਹ ਸਲਫ਼ਾਸ ਦੀ ਗੋਲੀ,
ਇਹ ਰੱਸੀ ਦਾ ਫੰਧਾ,
ਆਪਣੇ ਨਹੀਂ, ਤੂੰ ਲੁਟੇਰੇ ਗਲ਼ ਪਾਈਂ,
ਉਹਤੋਂ ਖੋਹ ਕੇ ਹਕੂਮਤ ਤੇ ਕ੍ਰਾਂਤੀ ਲਿਆਈਂ।
ਇਹ ਕ੍ਰਾਂਤੀ ਹੀ ਤੇਰੇ ਭਵਿੱਖ ਦੀ ਜ਼ਾਮਨ,
ਸ਼ੀਂਹਾਂ ਤੇ ਮੁਕੱਦਮਾਂ ਦੀ ਮੌਤ ਦੀ ਜ਼ਾਮਨ,
ਕਿਰਤੀ ਦੇ ਘਰ ਦੀਵਾਲੀ ਦੀ ਜ਼ਾਮਨ ਤੇ ਕਿਰਤ ਦੀ ਰਾਖੀ,
ਖ਼ੁਸ਼ਹਾਲੀ ਦੀ ਜ਼ਾਮਨ।



Scanned with OKEN Scanner
Scanned with OKEN Scanner

# 12. ਮੁਹਾਵਾ ਬੱਸ-ਕਾਂਡ ਦੇ ਸ਼ਿਕਾਰ ਬੱਚਿਆਂ ਨੂੰ ਸ਼ਰਧਾਂਜਲੀ (20 ਸਤੰਬਰ 2016)

ਅਜੇ ਤਾਂ ਮਾਂ ਦੀ ਗੋਦੀ ਦੇ ਵਿੱਚ
ਖੇਡਣ ਦੀ ਨਾ ਰੁੱਤ ਮੋਈ ਸੀ,
ਲੋਰੀਆਂ ਦੀ ਨਾ ਮੌਤ ਹੋਈ ਸੀ।
ਅਜੇ ਤਾਂ ਮੰਜ਼ਿਲ ਵੱਲ ਤੁਰੇ ਸੀ,
ਅਜੇ ਸੀ ਵਾਟ ਲੰਮੇਰੀ ਤੁਰਨਾ,
ਮਾਂ-ਬਾਪ ਦੀਆਂ ਰੀਝਾਂ ਦਾ ਸੁਪਨਾ,
ਹੱਸ ਖੇਡ ਕੇ, ਖੇਲ-ਕੁੱਦ ਕੇ, ਕਰ ਪੜ੍ਹਾਈਆਂ ਪੂਰਾ ਕਰਨਾ।

ਇਹ ਕੀ ਭਾਣਾ ਵਰਤਿਆ ਲੋਕੋ ?
ਕਹਿਰ ਕਿਥੋਂ ਇਹ ਪਰਤਿਆ ਲੋਕੋ ?
ਉਹਨਾਂ ਦਾ ਕੋਈ ਦੋਸ਼ ਨਹੀਂ ਸੀ,
ਦੂਈ-ਦਵੈਤ ਦੀ ਹੋਸ਼ ਨਹੀਂ ਸੀ,
ਫਿਰ ਕਿਉਂ ਹੋਣੀ ਦੀ ਇਹ ਬਿਜਲੀ ਡਿੱਗੀ ਉਹਨਾਂ ਤੇ ਅਸਮਾਨੋਂ ?

ਮਾਂ-ਬਾਪ ਤਾਂ ਰੋਣਾ ਈ ਸੀ,
ਵੇਖ ਕੇ ਆਪਣੇ ਨੰਨ੍ਹੇ-ਮੁੰਨੇ,
ਧਰਤੀ ਰੋਈ, ਅੰਬਰ ਰੋਇਆ, ਰੋਈ ਹਰ ਇੱਕ ਅੱਖ ਜਹਾਨੋਂ।

ਦੱਸੋ ਇਹਦਾ ਦੋਸ਼ੀ ਕਿਹੜਾ ?
ਸਕੂਲ ਵਾਲੇ ਜਾਂ ਬੱਸ ਡਰਾਈਵਰ ?
ਜਾਂ ਫਿਰ ਪੁਲ਼ ਬਣਾਵਣ ਵਾਲੇ,
ਜਾਂ ਜੰਗਲੇ ਨੂੰ ਢਾਹਵਣ ਵਾਲੇ ?



Scanned with OKEN Scanner
Scanned with OKEN Scanner

ਅਸਲ 'ਚ ਦੋਸ਼ੀ ਸਿਸਟਮ ਸਾਡਾ ਜਿਹੜਾ ਖੜਾ ਕਮਾਈ ਉੱਤੇ।
ਉਹਨਾਂ ਨੇ ਕੀ ਪੁਲ਼ ਬਣਾਉਣੇ, ਕਰ ਜੋ ਲਾਉਣ ਦਵਾਈ ਉੱਤੇ ?
ਵਿਦਿਆ ਨੂੰ ਵਪਾਰ ਬਣਾ ਕੇ ਕਰਦੇ ਐਸ਼ 'ਪੜ੍ਹਾਈ' ਉੱਤੇ।

ਹਰ ਪਿੰਡ ਹੋਵੇ ਸਕੂਲ ਜੇ ਸੋਹਣਾ,
ਸੋਹਣੀ ਉਹਦੀ ਇਮਾਰਤ ਹੋਵੇ।
ਟੀਚਰ ਸਾਰੇ ਪੂਰੇ ਹੋਵਣ, ਜ਼ਿੰਮੇਵਾਰ ਸਿਆਸਤ ਹੋਵੇ।
ਟੀਚਰ ਵਿਹਲਾ ਰਹੇ ਨਾ ਕੋਈ,
ਮਿਲ ਜਾਵੇ ਉਹਨੂੰ ਸਕੂਲ ਜੇ ਕੋਈ,
ਦੂਰ ਨਾ ਜਾਵੇ ਬੱਚਾ ਕੋਈ,
ਮਾਂ-ਬਾਪ ਦੀਆਂ ਅੱਖਾਂ ਸਾਹਵੇਂ ਨੰਨ੍ਹੀ ਜਿੰਦ ਨਾ ਤੜਫੇ ਕੋਈ।

ਨਾ ਹੰਝੂਆਂ ਦੀ ਬੋਲੀ ਲਾ ਕੇ,
ਸਿਆਸਤ ਨੂੰ ਚਮਕਾਵੇ ਕੋਈ।
ਮਾਣੋਚਾਹਲ ਗੁਨਾਹ ਹੈ ਤੇਰਾ,
ਤੂੰ ਨਹੀਂ ਪਹਿਰੇਦਾਰੀ ਕੀਤੀ।
ਲੋਕਾਂ ਨੂੰ ਸਮਝਾ ਨਹੀਂ ਸਕਿਆ,
ਕਿਹੜੇ ਪੰਥ ਗਦਾਰੀ ਕੀਤੀ।



Scanned with OKEN Scanner
Scanned with OKEN Scanner

# 13. ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਪੁਰਬ ਤੇ

ਮੇਰੇ ਸਤਿਗੁਰਾ!
ਅਸੀਂ ਕੁਝ ਵੀ ਨਹੀਂ ਭੁੱਲੇ,
ਨਾ ਤੇਰਾ ਪ੍ਰਕਾਸ਼-ਪੁਰਬ ਤੇ ਨਾ ਜੋਤੀ-ਜੋਤ ਦਿਵਸ,
ਨਾ ਕੋਈ 300 ਸਾਲਾ, ਤੇ ਨਾ 350 ਸਾਲਾ।
ਸਾਰੇ ਪੁਰਬ ਪੂਰੀ ਧੂਮ-ਧਾਮ ਤੇ ਸ਼ਾਨੋ-ਸ਼ੌਕਤ ਨਾਲ ਮਨਾਉਂਦੇ ਹਾਂ।
ਨਾ ਹੀ ਭੁੱਲਿਆ ਹੈ ਸਾਨੂੰ,
ਤੇਰਾ ਨੌਂ ਸਾਲ ਦੀ ਉਮਰੇ ਪਿਤਾ ਨੂੰ ਦਿੱਲੀ ਤੋਰਨ ਦਾ ਮਕਸਦ।

ਅਜੇ ਵੀ ਯਾਦ ਹੈ ਸਾਨੂੰ,
ਅਨੰਦਪੁਰ ਦੀ ਧਰਤੀ ਤੇ
ਜ਼ੁਲਮ ਦਾ ਨਾਸ਼ ਕਰਨ ਵਾਲੇ ਖ਼ਾਲਸੇ ਦੀ ਸਿਰਜਨਾ।
ਕਦੇ ਸਾਨੂੰ ਭੰਗਾਣੀ ਦਾ ਯੁੱਧ ਯਾਦ ਆਉਂਦੈ
ਤੇ ਕਦੇ ਅਨੰਦਪੁਰ ਨੂੰ ਪਿਆ ਦੁਸ਼ਮਣ ਦਾ ਘੇਰਾ।

ਫਿਰ ਚਮਕੌਰ ਦੀ ਗੜ੍ਹੀ ਅਸੀਂ ਕਿਵੇਂ ਭੁੱਲ ਸਕਦੇ ਹਾਂ,
ਜਿੱਥੇ ਚਾਲੀ ਹਜ਼ਾਰ ਨੂੰ
ਚਾਲੀਆਂ ਨੇ ਦਿੱਤੀ ਸੀ ਮਾਤ,
ਤੇ ਇਤਿਹਾਸ ਦਾ ਅੰਗ ਬਣ ਗਈ ਸੀ ਇੱਕ ਅਸਾਵੀਂ ਜੰਗ।

ਨਾ ਹੀ ਭੁੱਲਿਆ ਸਾਨੂੰ ਸਰਸਾ ਦੇ ਉਸ ਪਾਰ,
ਹਾਲਾਤਾਂ ਦੀ ਹਨੇਰੀ 'ਚ ਗਵਾਚਾ ਤੇਰਾ ਸਰਬੰਸ।
ਭਲਾ ਕਿਵੇਂ ਭੁੱਲਾਂਗੇ ਅਸੀਂ ਸਰਹੰਦ ਨੂੰ,
ਜਿੱਥੇ ਨਿੱਕੀ ਉਮਰੇ ਦੋ ਬਾਲਾਂ ਨੇ ਵੰਗਾਰਿਆ ਸੀ ਬੁੱਢ-ਵਰੇਸ਼ਾਂ ਨੂੰ ?



Scanned with OKEN Scanner
Scanned with OKEN Scanner

ਸਾਨੂੰ ਮਾਛੀਵਾੜਾ ਵੀ ਬੜਾ ਯਾਦ ਆਉਂਦੈ
ਤੇ ਦੀਨਾ ਕਾਂਗੜ ਵੀ,
ਤੇਰੀ ਕਲਮ ਦੀ ਤਾਕਤ ਵੀ ਤੇ ਔਰੰਗੇ ਦੀ ਨਮੋਸ਼ੀ-ਭਰੀ ਮੌਤ ਵੀ।
ਸਾਨੂੰ ਆਪਣੇ ਬੇਦਾਵੇ ਦੀ ਯਾਦ ਵੀ ਆਉਂਦੀ ਹੈ
ਤੇ ਖਿਦਰਾਣੇ ਦੀ ਢਾਬ ਵੀ ਜਿੱਥੇ ਸਾਡੇ ਵਿਸਾਹਘਾਤ ਨੂੰ ਵੀ ਤੂੰ ਕੀਤਾ ਸੀ ਮੁਆਫ਼।

ਕਿਵੇਂ ਭੁੱਲਾਂਗੇ ਦਾਤਾ! ਤੇਰੇ ਪਰ-ਉਪਕਾਰ ਨੂੰ ?
ਖਿਦਰਾਣੇ ਦੀ ਜੰਗ ਜਿੱਤ,
ਲੰਮੇ ਸਫ਼ਰ ਪਿੱਛੋਂ ਨੰਦੇੜ ਜਾ ਕੇ,
ਬਹਾਦਰ ਬੰਦੇ ਨੂੰ ਦੁਸ਼ਟਾਂ ਦੇ ਸੋਧਣ ਦੀ ਸੌਂਪਣੀ ਜ਼ਿੰਮੇਵਾਰੀ।

ਸਭ-ਕੁਝ ਯਾਦ ਹੈ ਸਾਨੂੰ, ਕੁਝ ਵੀ ਨਹੀਂ ਭੁੱਲਿਆ।
ਜੇ ਭੁਲਿਆ ਹੈ ਤਾਂ ਸਿਰਫ ਤੇਰਾ 'ਮਾਨਸ ਕੀ ਜਾਤ' ਤੇ 'ਸ਼ੁੱਭ ਕਰਮਨ' ਵਾਲਾ ਫਲਸਫ਼ਾ,
ਤੇ ਜਾਂ ਫਿਰ ਤੇਰਾ ਅੰਮ੍ਰਿਤ ਰਾਹੀਂ ਦਿੱਤਾ ਮਨੁੱਖੀ-ਬਰਾਬਰੀ ਦਾ ਹੋਕਾ।

ਤੂੰ ਤਾਂ ਲੜੀ ਸੀ ਕੇਵਲ ਜ਼ੁਲਮ ਖ਼ਿਲਾਫ਼ ਜੰਗ
ਤੇ ਕਿਸੇ ਦੀ ਚੱਪਾ ਥਾਂ ਤੇ ਵੀ ਨਹੀਂ ਸੀ ਕੀਤਾ ਕਬਜ਼ਾ
ਪਰ ਅਸੀਂ ਭੁੱਲੇ ਹੀ ਨਹੀਂ ਭਟਕ ਵੀ ਗਏ ਸਾਂ,
ਨਨਕਾਣਾ ਤਾਂ ਸਾਥੋਂ ਪਹਿਲਾਂ ਹੀ ਖੁੱਸ ਗਿਆ ਸੀ,
ਅਸੀਂ ਤਾਂ ਪਟਨਾ ਤੇ ਨੰਦੇੜ ਵੀ ਗਵਾਉਣ ਵੱਲ ਤੁਰ ਪਏ ਸਾਂ।
ਮੇਰੇ ਸਤਿਗੁਰਾ! ਤੂੰ ਸਾਡੀਆਂ ਭੁੱਲਾਂ ਬਖ਼ਸ਼ੀਂ,
ਤੇ ਬਲ ਬਖ਼ਸ਼ੀਂ ਸਾਨੂੰ, ਜਾਬਰਾਂ ਸੰਗ ਲੜਨ ਦਾ ਤੇ ਰੰਘਰੇਟਿਆਂ ਸੰਗ ਖੜਨ ਦਾ
ਕਿਉਂਕਿ ਦਿੱਲੀ ਅੱਜ ਫਿਰ ਔਰੰਗੇ ਦੇ ਰਾਹਾਂ ਤੇ ਤੁਰ ਪਈ ਆ।



Scanned with OKEN Scanner
Scanned with OKEN Scanner

## 14. ਗੁਨਾਹ

ਦੋਸ਼ ਤਾਂ ਉਸ ਕੁੜੀ ਦਾ ਇਹੀ ਸੀ
ਕਿ ਓਹਨੇ ਕੀਤਾ ਸੀ ਸਾਵਧਾਨ
ਵੱਸਦੇ ਵਿਹੜਿਆਂ 'ਚ ਸੇਹ ਦੇ ਤੱਕਲੇ ਗੱਡਣ ਵਾਲਿਆਂ ਤੋਂ
ਅਤੇ ਲਾਹੁਣ ਲਈ ਗੁਲਾਮੀ ਦੇ ਜਾਲ਼ੇ ਜੰਗਾਲੇ ਹੋਏ ਦਿਮਾਗਾਂ ਤੋਂ
ਪਰ ਦੇ ਦਿੱਤੀ ਸੀ ਧਮਕੀ ਉਹਨੂੰ ਰੇਪ ਦੀ
ਭਾਰਤੀ ਸੰਸਕ੍ਰਿਤੀ ਦੇ ਨਵੇਂ ਜੰਮੇ ਵਾਰਸਾਂ ਨੇ ।
ਜਿਹੜੇ ਨਹੀਂ ਜਾਣਦੇ
ਕਿ ਨਹੀਂ ਹਰਦਾ ਹੁੰਦਾ ਗਿਆਨ ਦਾ ਚਾਨਣ ਕਦੇ ਹਨੇਰੀਆਂ ਦੇ ਪਲਸੇਟਿਆਂ ਤੋਂ।

ਕਸੂਰ ਤਾਂ ਉਸ ਵੇਮੁੱਲੇ ਦਾ ਵੀ ਕੋਈ ਨਹੀਂ ਸੀ
ਜੀਹਨੇ ਕੀਤੀ ਸੀ ਗੱਲ ਅੰਬੇਦਕਰ ਦੇ ਸਿਧਾਂਤਾਂ ਦੀ
ਅਤੇ ਕੀਤੀ ਸੀ ਕੋਸ਼ਿਸ਼ ਜੀਵਤ ਰੱਖਣ ਦੀ, ਬਾਬੇ ਨਾਨਕ ਦੀ ਗੋਸ਼ਟੀ ਵਾਲ਼ੀ ਭਾਰਤੀ ਪ੍ਰੰਪਰਾ ਨੂੰ।
ਪਰ ਕਰ ਦਿੱਤਾ ਸੀ ਫ਼ਤਵਾ ਜਾਰੀ
ਉਹਦੇ ਦੇਸ਼-ਧ੍ਰੋਹੀ ਤੇ ਰਾਸਟਰ-ਵਿਰੋਧੀ ਹੋਣ ਦਾ, ਮਕਾਰ ਭਾਰਤੀ ਰਾਸ਼ਟਰਵਾਦੀਆਂ ਨੇ।
ਜਾਣਦੇ ਉਹ ਵੀ ਨਹੀਂ ਹਨ ਕਿ ਜੰਮ ਸਕਦੀ ਹੈ ਅਜੇ ਹੋਰ ਵੀ ਕਈ ਵੇਮੁੱਲੇ ਸਾਡੀ ਭਾਰਤ ਮਾਂ।

ਗੁਨਾਹ ਤਾਂ ਅਖ਼ਲਾਕ ਦਾ ਵੀ ਕੋਈ ਨਹੀਂ ਸੀ
ਜਿਹੜਾ ਦੇਣ ਲਈ ਝੁਲਕਾ ਆਪਣੇ ਭੁੱਖੇ ਢਿੱਡ ਨੂੰ
ਰਿੰਨ੍ਹ ਬੈਠਾ ਸੀ ਮਾਸ ਦੀਆਂ ਬੋਟੀਆਂ ਦੋ, ਅਜ਼ਾਦ ਦੇਸ਼ ਦਾ ਵਾਸੀ ਹੋਣ ਕਰਕੇ,
ਪਰ ਮਾਰ ਦਿੱਤਾ ਸੀ ਕੋਹ ਕੋਹ ਕੇ ਇਨਸਾਨੀਅਤ ਨੂੰ ਕੁਝ ਪਸ਼ੂ-ਭਗਤਾਂ ਨੇ
ਤੇ ਮਲ਼ ਦਿੱਤੀ ਸੀ ਕਾਲ਼ਖ਼ ਦੁਨੀਆਂ ਦੇ ਵੱਡੇ ਲੋਕਤੰਤਰ ਦੇ ਮੂੰਹ ਉੱਤੇ
ਨਾਲ਼ ਹੀ ਗੁੰਮ ਹੋ ਗਈ ਸੀ ਅਖ਼ਲਾਕ ਦੀ ਅਜ਼ਾਦੀ, ਉੱਡਦੀ ਧਰਮ ਦੀ ਧੂੜ ਵਿਚ।

ਆਓ ਫ਼ੈਸਲਾ ਕਰੀਏ
ਕਿ ਹੋਰ ਕਿੰਨਾ ਚਿਰ ਲੱਗੇ ਰਹਿਣਗੇ ਮੂੰਹਾਂ ਤੇ ਤਾਲੇ ਤੇ ਸੋਚਾਂ ਨੂੰ ਜਿੰਦਰੇ ?



Scanned with OKEN Scanner
Scanned with OKEN Scanner

# 15. ਜੁਲਾਈ 2023 ਦੇ ਹੜ੍ਹਾਂ ਬਾਰੇ ਕਾਵਿ ਚਿੱਤਰ

ਐਤਕੀਂ ਸਾਵਣ
ਪਹਿਲਾਂ ਵਾਂਗ ਨਹੀਂ ਆਇਆ,
ਚੁੱਪ ਚੁਪੀਤੇ, ਕਿਣਮਿਣ ਕਰਦਾ,
ਤੇ ਨਿੱਕੀ ਨਿੱਕੀ ਕਣੀ ਨਾਲ਼ ਵਰ੍ਹਦਾ ਤੇ ਠੰਢਾਂ ਪਾਉਂਦਾ,
ਖੀਰਾਂ ਪੂੜੇ ਖਵਾਉਂਦਾ ਸਾਵਣ ਤਾਂ ਕਿਧਰੇ ਗੁੰਮ ਗਿਆ ਲਗਦਾ।

ਐਤਕੀਂ ਤਾਂ ਉਹ ਇੱਕ ਪਾਸਿਉਂ ਗੱਜਦਾ,
ਕਹਿਰ ਢਾਹੁੰਦਾ, ਪਹਾੜਾਂ ਤੋਂ ਖੇਤਾਂ ਵੱਲ
ਤੂਫ਼ਾਨ ਬਣ ਕੇ ਹੱਦਾਂ ਬੰਨੇ ਤੋੜਦਾ,
ਮਲੀਆ ਮੇਟ ਕਰਦਾ,
ਪੇੜ ਪੌਦੇ, ਮਨੁੱਖਾਂ, ਪਸ਼ੂਆਂ ਨੂੰ ਰੋੜ੍ਹਦਾ, ਸਬਕ ਸਿਖਾਉਂਦਾ,
ਸ਼ੂਕਦੇ ਦਰਿਆਵਾਂ ਦੇ ਕੰਢੇ ਤੋੜਦਾ,
ਆਫਰੇ ਸਾਨ੍ਹ ਵਾਂਗ ਸਿੰਗ ਫਸਾਉਂਦਾ ਆਇਆ।

ਧੰਨ ਪੰਜਾਬੀ ਫਿਰ ਵੀ ਜਿਹਨਾਂ ਮੱਥੇ ਵੱਟ ਨਹੀਂ ਪਾਇਆ।
ਵਹਿੰਦੇ ਪਾਣੀਆਂ ਵਿੱਚ ਜਾ ਜਿਹਨਾਂ ਨਾਨਕ-ਲੰਗਰ ਲਾਇਆ।
ਹਿੰਮਤ ਇਹਨਾਂ ਦੀ ਦਾ 'ਚਾਹਲ' ਕੀ ਕਹਿਣਾ ਬੰਨ੍ਹ ਦਰਿਆਵਾਂ ਲਾਏ।



Scanned with OKEN Scanner
Scanned with OKEN Scanner

# 16. ਕੁਝ ਹੋਰ ਵੀ

ਪਿਆਰ-ਮੁਹੱਬਤ
ਤੇ ਇਸ਼ਕ ਮਿਜਾਜ਼ੀ ਦੇ ਕਸੀਦੇ ਪੜ੍ਹਨ ਤੋਂ ਵਿਹਲ ਮਿਲੇ
ਤਾਂ ਸੋਚਣਾ
ਕਿ ਹੋਰ ਵੀ ਬਹੁਤ ਕੁਝ ਹੈ ਵਾਪਰਦਾ ਸਾਡੇ ਆਲ਼ੇ-ਦੁਆਲ਼ੇ
ਜੋ ਕਾਫ਼ੀ ਹੈ ਕਵਿਤਾ ਦਾ ਢਿੱਡ ਭਰਨ ਲਈ।

ਧਾਰਮਿਕ ਰਹਿਬਰਾਂ
ਤੇ ਸੂਰਬੀਰਾਂ ਦੀਆਂ ਵਾਰਾਂ ਗਾਉਣ ਲੱਗਿਆਂ ਵੀ
ਇਹ ਗੱਲ ਮਨ 'ਚ ਰੱਖਣਾ
ਕਿ ਨਹੀਂ ਲਾਹੁੰਦੇ ਔਰੰਗਜ਼ੇਬ ਦੇ ਵਾਰਸ ਹੁਣ ਜਨੇਊ,
ਬਲਕਿ ਢਾਹੁੰਦੇ ਹਨ ਮਸਜਿਦਾਂ ਤੇ ਬਣਾਉਂਦੇ ਹਨ ਮੰਦਰ ਉੱਸੇ ਹੀ ਥਾਂ ਉੱਤੇ।
ਕਵਿਤਾ ਦੇ ਸਿਰ ਮੁਕਟ ਸਜਾਉਣ ਲਈ
ਘੱਟ ਮਹੱਤਵ ਨਹੀਂ ਰੱਖਦਾ ਇਹ ਵਿਸ਼ਾ, ਸਮਝੋ ਤੁਸੀਂ ਵੀ ।

'ਨਾ ਦੇਵੋ ਆਪਣੀ ਕਵਿਤਾ ਨੂੰ ਇਤਿਹਾਸਕ ਵਿਰਸੇ ਦੀ ਪੁੱਠ'
ਮੈਂ ਇਹ ਹਰਗਿਜ਼ ਨਹੀਂ ਕਹਿੰਦਾ।
ਕਹਿਣਾ ਤਾਂ ਸਿਰਫ਼ ਇਹੀ ਚਾਹੁੰਦਾ ਹਾਂ
ਕਿ ਹੋ ਰਹੇ ਹਨ ਦਰੋਪਦੀਆਂ ਦੇ ਚੀਰ ਹਰਨ ਅੱਜ ਵੀ,
ਮਨੀ ਪੁਰ ਤੋਂ ਬੰਗਾਲ ਤੇ ਬੰਗਾਲ ਤੋਂ ਯੂ ਪੀ ਤੱਕ।
ਤੇ ਦਨ-ਦਨਾਉਂਦੇ ਫਿਰਦੇ ਹਨ ਸੈਂਕੜੇ ਦੁਰਯੋਧਨ ਅਤੇ ਦੁਸ਼ਾਸਨ,
ਜਿਹੜੇ ਮਾਰ ਰਹੇ ਹਨ ਪੱਟਾਂ ਤੇ ਥਾਪੀਆਂ ਤੇ ਪਲੋਸਦੇ ਹਨ ਧੀਆਂ ਦੀਆਂ ਛਾਤੀਆਂ।
ਕੋਈ ਕ੍ਰਿਸ਼ਨ ਨਹੀਂ ਬਣ ਸਕਿਆ ਉਹਨਾਂ ਦੀ ਪੱਤ ਦਾ ਰਾਖਾ
ਪਰ ਕਰ ਰਿਹਾ ਹੈ ਸਭਾ ਦੀ ਪ੍ਰਧਾਨਗੀ ਅੱਖਾਂ ਮੂੰਦੀ ਬੈਠਾ ਧ੍ਰਿਤਰਾਸ਼ਟਰ ਕੋਈ।



Scanned with OKEN Scanner
Scanned with OKEN Scanner

ਮੈਨੂੰ ਤਾਂ ਲਗਦਾ ਹੈ ਕਿ ਨਹੀਂ ਆਉਣਾ ਹੁਣ ਕਿਸੇ ਕ੍ਰਿਸ਼ਨ ਨੇ ਮੁੜ ਕੇ
ਤੇ ਸਾਨੂੰ ਹੀ ਕੁਝ ਪੈਣਾ ਹੈ ਕਰਨਾ
ਤਾਂ ਕਿ ਦੇ ਸਕੀਏ ਆਪਣੀ ਕਵਿਤਾ ਨੂੰ ਕੋਈ ਢੁਕਵਾਂ ਸਿਰਲੇਖ ਇਨਕਲਾਬੀ
ਅਰਥਾਂ ਵਾਲ਼ਾ।

ਖ਼ੂਬ ਮਚਾ ਰੱਖੀ ਹੈ ਲੁੱਟ-ਖੋਹ ਹਜ਼ਾਰਾਂ ਸੱਜਣ ਠੱਗਾਂ ਨੇ ਅੱਜ ਵੀ
ਅਤੇ ਚੂਸ ਰਹੇ ਹਨ ਸਵਾਦਾਂ ਨਾਲ਼ ਲਾਲੋਆਂ ਦਾ ਲਹੂ ਹੋਰ ਕਈ ਮਲਕ ਭਾਗੋ।
ਹੁਣ ਨਹੀਂ ਆਉਣਾ ਕਿਸੇ ਨਾਨਕ ਨੇ ਵੀ ਉਹਨਾਂ ਨੂੰ ਰੋਕਣ ਲਈ,
ਨਾਨਕ ਤਾਂ ਸਾਜ ਗਿਆ ਸੀ ਖ਼ਾਲਸਾ ਗੋਬਿੰਦ ਬਣ ਕੇ,
ਅਤੇ ਕਹਿ ਗਿਆ ਸੀ ਕਿ ਹੁਣ ਲੜੇਗਾ ਜਬਰ ਤੇ ਜ਼ੁਲਮ ਵਿਰੁੱਧ ਮੇਰਾ ਖ਼ਾਲਸਾ।

ਉਹਨੇ ਕਦੇ ਨਹੀਂ ਸੀ ਕਿਹਾ
ਕਿ ਬਾਰ ਬਾਰ ਪੜ੍ਹਦੇ ਤੇ ਸਿਰਫ਼ ਮੱਥੇ ਟੇਕਦੇ ਰਹੋ ਪੋਥੀਆਂ ਨੂੰ।
ਉਹ ਤਾਂ ਹੋਕਾ ਦਿੰਦਾ ਰਿਹਾ ਸੀ ਕਿ ਰੋਂਦੇ ਹੀ ਰਹਿ ਜਾਓਗੇ ਤੁਸੀਂ ਸ਼ੁੱਭ ਅਮਲਾਂ ਬਾਝੋਂ।
ਇਸ ਲਈ ਆਓ ਹੁਣ ਬਾਬੇ ਦਾ ਕਿਹਾ ਮੰਨੀਏਂ
ਅਤੇ ਬਾਬਰ ਨੂੰ ਜਾਬਰ ਕਹਿਣ ਦਾ ਹੌਂਸਲਾ ਕਰੀਏ, ਨਹੀਂ ਹੋਈ ਅਜੇ ਕੋਈ ਦੇਰ।



Scanned with OKEN Scanner
Scanned with OKEN Scanner

# 17. ਭੁਲਸੀ ਦਾਸ ਨੇ ਕਿਹਾ ਸੀ

ਮਹਾਂ-ਕਵੀ
ਤੁਲਸੀ ਦਾਸ ਨੇ ਕਿਹਾ ਸੀ-
ਕਿ ਜਨਨੀ ਜਣੈ ਤਾਂ ਭਗਤ ਜਨ, ਦਾਨੀ ਜਾਂ ਯੋਧਾ ਹੀ ਜੰਮੇਂ
ਨਹੀਂ ਤਾਂ ਉਹ ਬਾਂਝ ਹੀ ਚੰਗੀ।

ਮੈਂ ਕਹਿੰਦਾ ਹਾਂ
ਕਿ ਕਲ਼ਮ ਲਿਖੇ ਤਾਂ ਦੇਸ਼-ਭਗਤਾਂ ਤੇ ਯੋਧਿਆਂ ਦੀਆਂ ਵਾਰਾਂ
ਤੇ ਕਹਾਣੀਆਂ ਲਿਖੇ, ਬੁਰਾਈਆਂ ਤੋਂ ਪਰਦਾ ਚੁੱਕੇ,
ਦੁਖੀਆਂ ਦੇ ਦੁੱਖਾਂ ਦੀ ਬਾਤ ਪਾਵੇ,
ਜਾਬਰਾਂ ਦੇ ਪਾਜ ਖੋਲ੍ਹੇ, ਲਤਾੜਿਆਂ ਦੇ ਹੱਕ 'ਚ ਲਿਖੇ
ਨਹੀਂ ਤਾਂ ਰਹੇ ਜੇਬ ਨਾਲ਼ ਟੰਗੀ।

ਤੁਲਸੀ ਦਾਸ ਦੇ ਕਹਿਣ ਪਿੱਛੋਂ
ਮਾਵਾਂ ਨੇ ਪਾਪੀ, ਚੋਰ, ਲੁਟੇਰੇ, ਭ੍ਰਿਸ਼ਟ ਲੀਡਰ,
ਵਹਿਸ਼ੀ ਦਰਿੰਦੇ, ਬਲਾਤਕਾਰੀ, ਰਿਸ਼ਵਤਖ਼ੋਰ ਤੇ ਹੰਕਾਰੀ ਕਿਹੜਾ ਨਹੀਂ ਜੰਮੇ।

ਤੇ ਹੁਣ ਤੇਰੇ ਕਹਿਣ ਤੇ 'ਚਾਹਲਾ'
ਮਦਹੋਸ਼ ਕਲ਼ਮਾਂ ਨੇ ਸੱਭਿਆਚਾਰ ਤੇ ਵਿਰਸੇ ਨੂੰ
ਵਿਗਾੜਨ ਤੋਂ ਕਿਹੜਾ ਹਟ ਜਾਣਾ
ਤੇ ਜਾਬਰਾਂ ਲੁਟੇਰਿਆਂ ਵਿਰੁੱਧ ਕਿਹੜਾ ਖੜ ਜਾਣਾ।
ਤੂੰ ਆਪਣਾ ਕੰਮ ਕਰੀ ਜਾਹ ਚੁੱਪ ਕਰਕੇ।



Scanned with OKEN Scanner
Scanned with OKEN Scanner

# ਭਾਗ ਦੂਜਾ - ਗ਼ਜ਼ਲਾਂ ਤੇ ਗੀਤ

## 18. ਹਾਲ ਮੇਰੇ ਸ਼ਹਿਰ ਦਾ

ਵਿੰਨ੍ਹਿਆ ਸਰੀਰ ਜਾਪੇ, ਵਿੰਨ੍ਹੀ ਅੰਤਰ-ਆਤਮਾ।
ਹਰ ਬੰਦਾ ਹੀ ਜਾਪਦੈ, ਬੀਮਾਰ ਮੇਰੇ ਸ਼ਹਿਰ ਦਾ।

ਇੱਥੇ ਤੰਗੀਆਂ-ਤੁਰਸ਼ੀਆਂ ਤੇ ਲੋੜਾਂ-ਥੋੜਾਂ ਵੱਸੀਆਂ,
ਕੀਹਨੂੰ ਆਖਾਂ ਵੇਖ ਆ ਕੇ, ਹਾਲ ਮੇਰੇ ਸ਼ਹਿਰ ਦਾ।

ਜਿਸਮ ਚੂੰਢੇ ਚਿਮਨੀਆਂ ਨੇ, ਖੇਤ ਮੌਤਾਂ ਜੰਮਦੇ,
ਖ਼ਬਰੇ ਕਦੋਂ ਹੈ ਜਾਗਣਾ, ਚੌਂਕੀਦਾਰ ਮੇਰੇ ਸ਼ਹਿਰ ਦਾ।

ਛੱਲੀ-ਪੂਣੀ ਵੇਚ ਸਭ, ਲਈਆਂ ਜੀਹਨੇ ਡਿਗਰੀਆਂ,
ਰੋਟੀ ਮੰਗੇ ਜੇਲ੍ਹ ਮਿਲੇ, ਕਿਰਦਾਰ ਮੇਰੇ ਸ਼ਹਿਰ ਦਾ।

ਬਚਪਨ ਅਤੇ ਬੁਢਾਪਾ ਰੁਲ਼ਿਆ, ਨਸ਼ੇ ਜਵਾਨੀ ਡੋਬਤੀ,
ਡੁੱਬਿਆ ਹਰ ਸਖ਼ਸ਼ ਜਾਪੇ, ਸ਼ਿਕਾਰ ਮੇਰੇ ਸ਼ਹਿਰ ਦਾ।

ਕਾਮੇ ਤੇ ਕਿਸਾਨ ਦੀ ਹੀ, ਕੁਝ ਫ਼ਿਕਰ ਮੈਨੂੰ ਦੋਸਤੋ,
ਵਿਹਲੜ ਨਾ ਲੁੱਟੇ ਯਾਰੋ, ਸਰਦਾਰ ਮੇਰੇ ਸ਼ਹਿਰ ਦਾ।

ਹਰ ਵਾਰ ਵੋਟਾਂ ਪੈਂਦੀਆਂ, ਕਈ ਵਾਰ ਹਾਕਮ ਬਦਲਦਾ,
ਰੰਗ ਪਰ ਨਾ ਬਦਲਦਾ, ਸਰਕਾਰ ਮੇਰੇ ਸ਼ਹਿਰ ਦਾ।

ਹੰਝੂ-ਹੌਕੇ, ਸਿਸਕੀਆਂ ਦਾ, ਇਲਾਜ ਇਹੋ ਦੋਸਤੋ,
ਸੰਘਰਸ਼ ਲਈ ਹਰ ਬੰਦਾ ਰਹੇ, ਤਿਆਰ ਮੇਰੇ ਸ਼ਹਿਰ ਦਾ।



Scanned with OKEN Scanner
Scanned with OKEN Scanner

## 19. ਭੰਗ ਦੇ ਭਾੜੇ ਕਿਉਂ ਮਰਨਾ ?

ਵਿੱਚ ਮੈਦਾਨੇ ਜੂਝਣ ਦੀ ਥਾਂ ਅੰਨਦਾਤੇ,
ਭੰਗ ਦੇ ਭਾੜੇ ਜਾਨ ਗਵਾ ਕੇ ਕਿਉਂ ਮਰਨਾ ?

ਹੁੰਦੀ ਬੇ-ਇਨਸਾਫ਼ੀ ਜੇਕਰ ਤੇਰੇ ਨਾਲ,
ਚੁੱਕ ਲਾ ਝੰਡਾ ਲਾਲ ਤੇ ਦੇਰੀ ਕਿਉਂ ਕਰਨਾ ?

ਜਬਰ-ਜ਼ੁਲਮ ਜਦ ਹੱਦਾਂ-ਬੰਨੇ ਟੱਪ ਜਾਵੇ,
ਚੁੱਕ ਲੈਣੀ ਤਲਵਾਰ ਜਾਇਜ਼ ਹੈ, ਕਿਉਂ ਜਰਨਾ ?

ਅੱਖਾਂ ਮੀਟਣ ਨਾਲ ਨਾ ਖ਼ਤਰਾ ਘੱਟ ਹੁੰਦਾ,
ਬਿੱਲੀ ਸਾਹਵੇਂ ਦੇਖ, ਕਬੂਤਰ ਕਿਉਂ ਬਣਨਾ ?

ਖ਼ੁਦਕਸ਼ੀਆਂ ਨਾ ਮਸਲਾ ਹੱਲ ਕੋਈ ਹੋਣਾ ਨਹੀਂ,
ਹਰ ਮੁਸ਼ਕਲ ਦਾ ਹੱਲ, ਸੰਘਰਸ਼ ਹੀ ਪਊ ਕਰਨਾ।

ਜਾਨ ਗਵਾ ਡਰਪੋਕ ਕਹਾਉਣਾ ਚੰਗਾ ਨਹੀਂ,
ਦੱਸ ਗਏ ਦਸਮੇਸ਼ ਕਿ ਰਣ ਵਿੱਚ ਲੜ ਮਰਨਾ।

ਛੱਡ ਵਿਤਕਰੇ ਸਾਰੇ ਜਾਤਾਂ-ਪਾਤਾਂ ਦੇ,
ਹੋ ਕੇ 'ਚਾਹਲ' 'ਕੱਠੇ ਜ਼ਾਲਮ ਸੰਗ ਲੜਨਾ ।



Scanned with OKEN Scanner
Scanned with OKEN Scanner

# 20. ਕੁਰਸੀ ਤੇ ਵਿਅੰਗ

ਜੋੜ ਤੋੜ ਕਈ ਕਰਕੇ ਮੰਤਰੀ ਬਣਿਆ ਤੂੰ,
ਸਾਂਝੀ ਆ ਸਰਕਾਰ, ਘੁਟਾਲੇ ਕਰਦਾ ਜਾਹ।

ਹੱਦਾਂ ਤੇ ਆ ਦੁਸ਼ਮਣ ਹੱਲਾ ਬੋਲਣ ਜਦ,
ਪਏ ਬੋਫਰ ਦੀ ਮਾਰ, ਘੁਟਾਲੇ ਕਰਦਾ ਜਾਹ।

ਕੀ ਹੋਇਆ ਜੇ ਦੁਸ਼ਮਣ ਸੰਗ ਲੜ ਸ਼ਹੀਦ ਹੋਏ?
ਤੂੰ ਕਰ ਤਾਬੂਤ-ਵਪਾਰ, ਘੁਟਾਲੇ ਕਰਦਾ ਜਾਹ।

ਸ਼ਹੀਦਾਂ ਦੇ ਨਾਂ ਉੱਤੇ ਮੰਜ਼ਲਾਂ ਖੜੀਆਂ ਕਰ,
ਕੋਈ ਨ੍ਹੀਂ ਪੁੱਛਦਾ ਯਾਰ, ਘੁਟਾਲੇ ਕਰਦਾ ਜਾਹ।

'ਲੋੜ ਪਈ ਨਾ ਸੋਚੀਂ ਦੇਸ਼ ਨੂੰ ਵੇਚਣ ਦੀ,
ਵੇਚੀ ਜਾਹ ਸਰਕਾਰ, ਘੁਟਾਲੇ ਕਰਦਾ ਜਾਹ।

ਮੰਡੀ ਵਿੱਚ ਵਪਾਰੀ ਲੁੱਟਣ ਲੋਕਾਂ ਨੂੰ,
ਤੂੰ ਬਣ ਕੇ ਬਰਖ਼ੁਰਦਾਰ, ਘੁਟਾਲੇ ਕਰਦਾ ਜਾਹ।

ਮਹਿੰਗੇ ਭਾਅ ਪਾ ਖਾਦ ਦਵਾਈਆਂ ਜੱਟ ਪਏ,
ਹੁਣ ਰੁਲ਼ਦੇ ਸ਼ਰੇ-ਬਜ਼ਾਰ, ਘੁਟਾਲੇ ਕਰਦਾ ਜਾਹ।



Scanned with OKEN Scanner
Scanned with OKEN Scanner

ਹਿੱਸਾ-ਪੱਤੀ ਲੈ ਕੇ ਠੇਕੇ ਦੇਈ ਜਾਹ,
ਰੋਣਗੇ ਬੇ-ਰੁਜ਼ਗਾਰ, ਘੁਟਾਲੇ ਕਰਦਾ ਜਾਹ।

ਪੰਜ ਸਾਲ ਦਾ ਅਰਸਾ ਮਿਲਿਆ ਆਪਾਂ ਨੂੰ,
ਤੂੰ ਆਪਣਾ ਬੁੱਤਾ ਸਾਰ, ਘੁਟਾਲੇ ਕਰਦਾ ਜਾਹ।

ਸਮਾਂ ਆਉਣ ਤੇ ਲੋਕੀਂ ਲੇਖਾ ਮੰਗਣਗੇ,
ਤੂੰ 'ਚਾਹਲ' ਮਨੋਂ ਵਿਸਾਰ, ਘੁਟਾਲੇ ਕਰਦਾ ਜਾਹ।



Scanned with OKEN Scanner
Scanned with OKEN Scanner

# 21. ਹਾਕਮ ਦੀ ਨੀਅਤ ਤੇ ਨਸੀਹਤ

ਲੁੱਟੋ, ਕੁੱਟੋ, ਜਿਹਲ 'ਚ ਸੁੱਟੋ, ਸਖ਼ਤ ਧਾਰਾਵਾਂ ਲਾ ਕੇ,
ਕੋਈ ਨ੍ਹੀਂ ਪੁੱਛਦਾ ਤਹਾਨੂੰ ਏਥੇ, ਮੇਰੇ ਹੁੰਦਿਆਂ ਆ ਕੇ।

ਆਪਣਾ ਕਾਰੋਬਾਰ ਚਲਾਓ, ਮੈਨੂੰ ਵੀ ਕੁਝ ਕਰਨ ਦਿਓ,
ਊਠ ਅੜ੍ਹਾਂਦੇ ਲੱਦੀਦੇ ਨੇ, ਵੇਖ ਲਿਆ ਅਜ਼ਮਾ ਕੇ।

ਚੋਣ ਲੜਨ ਲਈ ਪੈਸੇ ਖ਼ਰਚੇ, ਮੁੱਲ ਖ਼ਰੀਦੀਆਂ ਵੋਟਾਂ ਨੇ,
ਪੋਸਤ, ਭੁੱਕੀ ਅਤੇ ਸ਼ਰਾਬਾਂ, ਖੁੱਲ੍ਹਾ ਲੰਗਰ ਲਾ ਕੇ ।

ਰਕਮ ਲਗਾ ਕੇ ਦੁੱਗਣੀ ਕਰਨੀ, ਪਹਿਲਾ ਨਿਯਮ ਵਪਾਰੀ ਦਾ,
ਦੱਸੋ ਕੀ ਮੈਂ ਮਾੜਾ ਕੀਤਾ, ਲੋਕਾਂ ਨੂੰ ਭਰਮਾ ਕੇ ?

ਕਾਰੋਬਾਰ ਚਲਾਉਣਾ ਨਹੀਂ ਤਾਂ, ਕੁਰਸੀ ਦਾ ਕੀ ਫ਼ਾਇਦਾ ਏ ?
ਮੈਂ ਕੋਈ ਅਲੋਕਾਰ ਨ੍ਹੀਂ ਕਰਦਾ, ਦੁਨੀਆਂ ਘੁੰਮ-ਘੁਮਾ ਕੇ ।

ਕਿੱਥੋਂ ਸਸਤੀ ਵਿਦਿਆ ਦਈਏ, ਕਰੀਏ ਕੀ ਬਿਮਾਰਾਂ ਦਾ ?
ਸਾਡੇ ਕੋਲ ਕੀ ਜਾਦੂ-ਡੰਡਾ, ਦੱਸੋ ਖਾਂ ਸਮਝਾ ਕੇ ?

ਨਸ਼ੇ ਖਾਣ ਤੇ ਵੇਚਣ ਵਿਹਲੇ, ਬੇਰੋਜ਼ਗਾਰੀ ਕਾਹਦੀ ਏ ?
ਠੰਢਾ ਪਾਣੀ ਪੀਓ ਗਰੀਬੋ, ਰੁੱਖੀ-ਮਿੱਸੀ ਖਾ ਕੇ।



Scanned with OKEN Scanner
Scanned with OKEN Scanner

ਡਾਕਟਰ ਦੇ ਬਿਨ ਹਸਪਤਾਲ ਨੇ, ਮਾਸਟਰ ਬਿਨ ਸਕੂਲ ਕਈ,
ਫਿਰ ਵੀ ਚੰਗੇ ਨੰਬਰ ਦੱਸਦਾਂ, ਆਪਣਾ ਧੂਤੂ ਲਾ ਕੇ।

ਚੱਲਦੀ ਰਹੂ ਵਿਕਾਸ-ਹਨੇਰੀ, ਤੁਸੀਂ ਜ਼ਰਾ ਘਬਰਾਇਓ ਨਾ,
ਚਾਰ-ਮਾਰਗੀ ਸੜਕਾਂ ਤੇ ਪੁਲ਼, ਟੌਲ਼-ਪਲਾਜੇ ਲਾ ਕੇ ।

ਮਾਣੋਚਾਹਲ ਜੇ ਆਖੇ ਤਹਾਨੂੰ, ਏਹਦੀ ਚੁੱਕ 'ਚ ਆਇਓ ਨਾ,
ਕਾਹਨੂੰ ਕਰਨਾ ਸੀ ਮੁਜ਼ਾਹਰਾ, ਫਿਰ ਕਹੋਗੇ ਡਾਂਗਾਂ ਖਾ ਕੇ ?

ਲੁੱਟੋ, ਕੁੱਟੋ, ਜਿਹਲ 'ਚ ਸੁੱਟੋ, ਸਖ਼ਤ ਧਾਰਾਵਾਂ ਲਾ ਕੇ,
ਕੋਈ ਨੀਂ ਪੁੱਛਦਾ ਤੁਹਾਨੂੰ ਏਥੇ, ਮੇਰੇ ਹੁੰਦਿਆਂ ਆ ਕੇ।



Scanned with OKEN Scanner
Scanned with OKEN Scanner

# 22. ਦੇਸ਼ ਸਵਰਗ ਬਣਾਵਾਂਗੇ

ਆਏ ਨਵੇਂ ਜੋ ਹਾਕਮ ਦੇਣ ਬਿਆਨ ਨਵੇਂ,
ਕਹਿੰਦੇ ਦੇਸ਼ ਨੂੰ ਨਵਾਂ ਸਵਰਗ ਬਣਾਵਾਂਗੇ।

ਸੱਤਰ ਸਾਲਾਂ ਵਿਚ ਜੋ ਕਿਸੇ ਨੇ ਕੀਤਾ ਨਹੀਂ,
ਪੰਜਾਂ ਸਾਲਾਂ ਵਿਚ ਉਹ ਕਰ ਦਿਖਲਾਵਾਂਗੇ।

ਇਕ ਦੇਸ਼ ਤੇ ਇਕ ਧਰਮ ਹੀ ਹੋਵੇਗਾ,
ਬਾਕੀ ਕੂੜ-ਖਿਲਾਰਾ ਸਭ ਨਿਪਟਾਵਾਂਗੇ।

ਰੇਲਾਂ, ਬੱਸਾਂ, ਬਿਜਲੀ ਜੋ ਸਰਕਾਰੀ ਹੈ,
ਘਾਟੇਵੰਦੀਆਂ ਕਹਿ ਕੇ ਸਭ ਵਿਕਵਾਵਾਂਗੇ।

ਹੱਟੀਆਂ, ਭੱਠੀਆਂ, ਦੇਸ਼ ਦੀਆਂ ਜੋ ਜਾਇਦਾਦਾਂ,
ਕੌਡੀਆਂ ਦੇ ਭਾਅ ਅੰਬਾਨੀਆਂ ਨੂੰ ਦਿਵਾਵਾਂਗੇ।

ਜਲ, ਜੰਗਲ, ਜ਼ਮੀਨ ਲਈ ਜਿਹੜਾ ਕੁਸਕੇਗਾ,
ਨਕਸਲੀਆ ਕਹਿ ਉਹਨੂੰ ਜੇਲ੍ਹਾਂ ਪਾਵਾਂਗੇ।

ਭੁੱਖੇ ਢਿੱਡ ਨੂੰ ਅੰਨ ਅਸੀਂ ਨਹੀਂ ਦੇ ਸਕਦੇ,
ਹੱਦਾਂ ਤੇ ਪਰ ਢੇਰ ਬਰੂਦੀ ਲਾਵਾਂਗੇ।



Scanned with OKEN Scanner
Scanned with OKEN Scanner

ਨਫ਼ਰਤ ਦਾ ਬੀਅ ਖੇਤੀਂ ਬੀਜਿਆ ਇਸ ਤਰ੍ਹਾਂ,
ਕਤਲਾਂ ਦੀ ਇਕ ਫ਼ਸਲ ਨਵੀਨ ਉਗਾਵਾਂਗੇ।

ਚਪਲਾਂ ਵਾਲ਼ੇ ਤਰਸਦੇ ਰੇਲਾਂ-ਗੱਡੀਆਂ ਨੂੰ,
ਪਰ ਹਾਕਮ ਲਈ ਜਹਾਜ਼ ਨਵਾਂ ਮੰਗਵਾਵਾਂਗੇ।

'ਚਾਹਲ' ਤੂੰ ਵੀ ਬੰਦ ਕਰ ਭਾਸ਼ਣ, ਬੰਦਾ ਬਣ,
ਨਹੀਂ ਤਾਂ ਜੇਲ੍ਹਾਂ ਵਿਚ ਚੱਕੀ ਪਿਸਵਾਵਾਂਗੇ।



Scanned with OKEN Scanner
Scanned with OKEN Scanner

## 23. ਦੀਵਾ ਬਾਲ਼ ਬਨੇਰੇ ਉੱਤੇ

ਪਾ ਮੁਹਬਤਾਂ ਦਾ ਤੇਲ ਤੂੰ ਦੀਵਾ ਬਾਲ਼ ਬਨੇਰੇ ਉੱਤੇ।
ਪਿਆਰ ਦਾ ਦੁਸ਼ਮਣ ਬਹਿ ਨਾ ਜਾਏ ਕਾਗ ਬਨੇਰੇ ਉੱਤੇ।

ਲੱਗੇ ਨਾ ਇਲਜ਼ਾਮ ਤੇਰੇ ਤੇ ਨਫ਼ਰਤ ਬੀਜਣ ਵਾਲਾ।
ਲੱਖ ਬਿਜਲੀਆਂ ਡਿੱਗਣ ਭਾਵੇਂ ਰੈਣ-ਬਸੇਰੇ ਉੱਤੇ ।

ਰੱਬ ਦੇ ਨਾਂ ਤੇ ਝਗੜੇ ਨਾ ਕਰ ਰੱਬ ਦਿਲਾਂ ਵਿੱਚ ਰਹਿੰਦਾ।
ਦਿਲ ਜੋੜਨ ਦੀ ਜ਼ਿੰਮੇਵਾਰੀ, ਹੈ ਤੇਰੇ ਮੇਰੇ ਉੱਤੇ ।

ਮਹਾਂਪੁਰਸ਼ਾਂ ਦੇ ਬੋਲਾਂ ਦਾ ਜੋ ਕਰੀ ਨਿਰਾਦਰ ਜਾਂਦੇ,
ਪਛਤਾਵਣਗੇ ਪਿੱਛੋਂ ਉਹ ਹਰ ਸ਼ਾਮ ਸਵੇਰੇ ਉੱਤੇ ।

ਟੁੱਟਣ ਨਾ ਦਿਲਾਂ ਦੀਆਂ ਸਾਂਝਾਂ ਕਰ ਗੁੱਸੇ ਤੇ ਕਾਬੂ,
ਪਿਆਰ ਦੇ ਦੁਸ਼ਮਣ ਹੋਣ ਨਾ ਭਾਰੂ ਚਾਰ-ਚੁਫ਼ੇਰੇ ਉੱਤੇ ।

ਮਨ ਮੰਦਰ ਦੀ ਖੋਲ੍ਹ ਕੇ ਖਿੜਕੀ ਡੂੰਘੀ ਕਰ ਵਿਚਾਰ,
ਮਗਰੋਂ ਨਾ ਫਿਰ ਰੋਸ ਕਰੀਂ ਤੂੰ ਰਾਹ-ਦਿਸੇਰੇ ਉੱਤੇ ।

ਕੌਣ ਕਹੇ ਇਨਸਾਫ਼ ਲੈਣ ਲਈ ਕਰ ਨਾ ਕੋਈ ਹੀਲਾ,
ਐਪਰ ਕਾਤਲ ਦਾ ਕੋਈ ਲੱਗੇ ਦਾਗ ਨਾ ਤੇਰੇ ਉੱਤੇ ।

ਢੇਰੀ ਢਾਹ ਬੈਠੇ ਨੂੰ 'ਚਾਹਲ' ਮੰਜ਼ਲ ਕਿੱਥੋਂ ਮਿਲਨੀ,
ਮਿਹਨਤ ਦੀ ਥਾਂ ਰੱਖੇ ਜਿਹੜਾ ਆਸ ਜਠੇਰੇ ਉੱਤੇ ।



Scanned with OKEN Scanner
Scanned with OKEN Scanner

## 24. ਕਿੰਜ ਆਖਾਂ ਮੈਂ ਸਾਲ ਮੁਬਾਰਕ ?

ਕਿਹੜੇ ਮੂੰਹ ਨਾਲ ਸਾਲ ਨਵੇਂ ਦੀ, ਦਿਆਂ ਵਧਾਈ ਕਾਮੇ ਨੂੰ,
ਬਿਜਲੀ ਦੇ ਕੱਟ ਵਾਂਗੂੰ ਜੀਹਨੂੰ, ਮਾਰ ਗਈ ਮਹਿੰਗਾਈ ਏ ?

ਕਿੰਜ ਆਖਾਂ ਮੈਂ ਸਾਲ ਮੁਬਾਰਕ, ਰੋਂਦੇ ਹੋਏ ਕਿਸਾਨਾਂ ਨੂੰ,
ਪੁੱਤਾਂ ਵਾਂਗੂੰ ਫ਼ਸਲ ਪਾਲ਼, ਜਿੰਨ੍ਹਾਂ ਮੰਡੀ ਵਿੱਚ ਲੁਟਾਈ ਏ ?

ਚਿੱਟੀ ਮੱਖੀ ਬਣ ਹਾਕਮ ਨੇ, ਪੀ ਲਿਆ ਖ਼ੂਨ ਗਰੀਬਾਂ ਦਾ।
ਖ਼ੁਦ ਮਸੀਹਾ ਬਣਦਿਆਂ ਉਹਨੂੰ, ਭੋਰਾ ਸ਼ਰਮ ਨਾ ਆਈ ਏ।

ਪੜ੍ਹ-ਲਿਖ ਡਿਗਰੀਆਂ ਲੈ ਕੇ ਜਿਹੜੇ,ਡਾਂਗਾਂ ਖਾਂਦੇ ਪੁਲਸ ਦੀਆਂ,
ਮਿਹਨਤ ਲੁੱਟੀ ਜਾਏ ਤਾਂ ਦੱਸੋ, ਕਾਹਦੀ ਦਿਆਂ ਵਧਾਈ ਏ ?

ਪੜ੍ਹਿਆਂ ਨੂੰ ਨਾ ਮਿਲੇ ਨੌਕਰੀ, ਅੱਧ-ਪੜ੍ਹ ਨੂੰ ਨਾ ਕੰਮ ਮਿਲੇ,
ਸੱਜਣ-ਠੱਗ ਤਖ਼ਤ ਦੇ ਵਾਰਸ, ਸਭ ਜਾਂਦੇ ਲੁੱਟ ਮਚਾਈ ਏ।

ਸਹੁਰੇ-ਪੇਕੇ ਜਾਂਦਿਆਂ ਜਿਸ ਦੀ, ਪੱਤ ਪਤੰਦਰਾਂ ਲੁੱਟ ਲਈ,
ਨਵੇਂ ਸਾਲ ਦੀ ਦੱਸੋ ਉਹਨੇ, ਕੀਮਤ ਕਿੰਨੀ ਚੁਕਾਈ ਏ ?

ਨਸ਼ਿਆਂ ਦੇ ਸਾਗਰ ਵਿੱਚ ਡੁੱਬ ਗਏ, ਪੁੱਤਰ ਜਿੰਨ੍ਹਾਂ ਮਾਂਵਾਂ ਦੇ,
'ਸਾਲ ਮੁਬਾਰਕ' ਦੇ ਉਹਨਾਂ ਨੂੰ, ਕਿੰਜ ਮਾਹਿਨੇ ਸਮਝਾਈਏ ?

ਨਵੇਂ ਸਾਲ ਦੀ ਕਿੰਜ ਵਧਾਈ, ਦੇਵਾਂ ਉਹਨਾਂ ਮਿੱਤਰਾਂ ਨੂੰ,
ਜਿੱਤੇ ਹੋਏ ਸਨਮਾਨ ਜਿਨ੍ਹਾਂ ਨੇ, ਮੋੜੇ ਹੋ ਦੁਖਦਾਈ ਏ ?

ਪਿਛਲਾ ਸਾਲ ਵੀ ਲੜਦੇ ਲੰਘਿਆ, ਨਵੇਂ ਸਾਲ ਵੀ ਲੜਨਾ ਪਊ,
ਨਹੀਂ ਤਾਂ ਲੁੱਟ ਕਿਰਤ ਦੀ ਹੋਣੀ, ਗੱਲ'ਚਾਹਲ' ਸੱਚ ਸੁਣਾਈ ਏ।



Scanned with OKEN Scanner
Scanned with OKEN Scanner

# 25. ਆਏ ਸਾਵਣ, ਜਾਏ ਸਾਵਣ

ਜੇਠ-ਹਾੜ ਦੀ ਧੁੱਪ ਜਦ ਸਾੜਦੀ ਏ,
ਹਰ ਕੋਈ ਆਖਦਾ ਜਲਦੀ ਆਏ ਸਾਵਣ

ਸਾਵਣ ਆਏ ਜਦ ਕਿਣ-ਮਿਣ ਨਾਲ ਲੈ ਕੇ,
ਹਰ ਇੱਕ ਦੇ ਮਨ ਨੂੰ ਭਾਏ ਸਾਵਣ।

ਨੀਲੇ ਅੰਬਰੀਂ ਘਟਾ ਘਨਘੋਰ ਚੜ੍ਹਦੀ,
ਪੈਲਾਂ ਮੋਰ ਪਾਵਣ, ਰੰਗ ਲਾਏ ਸਾਵਣ।

ਬੱਦਲ ਗੱਜਦੇ, ਬਿਜਲੀ ਲਿਸ਼ਕਦੀ ਏ,
ਕਿਧਰੇ ਆਏ ਸਾਵਣ, ਕਿਧਰੇ ਜਾਏ ਸਾਵਣ।

ਮੀਂਹ ਪੈਣ ਤੇ ਫਸਲਾਂ ਰੰਗ ਬਦਲਣ,
ਵਿਹੜੇ ਜੱਟ ਦੇ ਰੌਣਕਾਂ ਲਾਏ ਸਾਵਣ।

ਪਸ਼ੂ-ਪੰਛੀ ਸਭ ਖ਼ੁਸ਼ੀ ਨਾਲ ਹੋਣ ਖੀਵੇ,
ਤਪਦੇ ਦਿਲਾਂ ਨੂੰ ਠੰਢ ਜਦ ਪਾਏ ਸਾਵਣ।

ਬੱਚੇ ਮੀਂਹ 'ਚ ਭੱਜਦੇ ਭਿੱਜਦੇ ਨੇ,
ਖ਼ੁਸ਼ ਕਰ ਦਵੇ ਰੱਬ ਦੇ ਜਾਏ ਸਾਵਣ।



Scanned with OKEN Scanner
Scanned with OKEN Scanner

ਨਦੀਆਂ-ਨਾਲਿਆਂ ਟੋਭਿਆਂ ਨੀਰ ਭਰ ਜੇ,
ਜਦੋਂ ਲੰਮੀਆਂ ਝੜੀਆਂ ਲਾਏ ਸਾਵਣ।

ਡੱਡੂ ਖੇਤਾਂ 'ਚ ਗੜੈਂ ਗੜੈਂ ਕਰਦੇ,
ਪਾਣੀ ਵੱਟਾਂ ਤੋਂ ਜਦੋਂ ਟਪਾਏ ਸਾਵਣ।

ਚਰ੍ਹੀਆਂ ਅਤੇ ਕਮਾਦਾਂ ਦੀ ਔੜ ਮੁੱਕੇ,
ਝੋਨਾ ਪਾਣੀ ਦੇ ਨਾਲ ਰਜਾਏ ਸਾਵਣ।

ਕਈਆਂ ਘਰਾਂ 'ਚ ਪੂੜੇ ਪੱਕਦੇ ਨੇ,
ਕਿਧਰੇ ਖੀਰ-ਕੜਾਹ ਬਣਵਾਏ ਸਾਵਣ।

ਕਿਧਰੇ ਪੈਣ ਗਿੱਧੇ, ਜੋਬਨ ਨੱਚਦਾ ਏ,
ਪੀਂਘਾਂ ਝੂਟ ਕੇ ਮਨ ਪਰਚਾਏ ਸਾਵਣ।

ਮੁੰਡੇ ਖੇਡ ਕਬੱਡੀ ਦੀ ਖੇਡਦੇ ਨੇ,
ਬੰਨ੍ਹ ਟੋਲੀਆਂ ਜ਼ੋਰ ਅਜ਼ਮਾਏ ਸਾਵਣ।

ਤੀਆਂ ਲਗਦੀਆਂ, ਬੱਝਦਾ ਰੰਗ-ਮੇਲਾ,
ਸੱਭਿਆਚਾਰ ਨੂੰ ਚਾਰ ਚੰਨ ਲਾਏ ਸਾਵਣ।

ਕਾਲੀ ਘਟਾ ਨੂੰ ਵੇਖ ਕੇ ਨੱਚਦਾ ਏ,
ਵਿਹੜੇ ਸ਼ਾਹ ਦੇ ਲੁੱਡੀਆਂ ਪਾਏ ਸਾਵਣ।

ਉਹਦੇ ਚੁੱਲ੍ਹੇ ਤੇ ਰਿੱਝਦਾ ਮੀਟ-ਮੁਰਗਾ,
ਨਾਲੇ ਪੈੱਗ ਨਾਲ ਪੈੱਗ ਟਕਰਾਏ ਸਾਵਣ।



Scanned with OKEN Scanner
Scanned with OKEN Scanner

ਓਧਰ ਕਾਮੇ ਦੇ ਚੁੱਲ੍ਹੇ 'ਚ ਪਿਆ ਪਾਣੀ,
ਕਈ ਰੋਟੀਉਂ ਬਿਨਾਂ ਤੜਫਾਏ ਸਾਵਣ।

'ਚਾਹਲ' ਸਿਰ ਤੋਂ ਛੱਤ ਜਦ ਚੋਣ ਲੱਗੇ,
ਕਹਿੰਦਾ ਜਾਏ ਸਾਵਣ, ਹਾੜਾ ਜਾਏ ਸਾਵਣ।



Scanned with OKEN Scanner
Scanned with OKEN Scanner

## 26. ਕਿਸਾਨਾਂ ਆਈ ਵਿਸਾਖੀ ਆ

ਕਿਸਾਨਾਂ ਆਈ ਵਿਸਾਖੀ ਆ, ਕਰ ਤੂੰ ਯਾਦ ਗੋਬਿੰਦ ਨੂੰ ਯਾਰਾ।
ਧੱਕੇ-ਸ਼ਾਹੀਆਂ ਰੋਕਣ ਲਈ, ਜੀਹਨੇ ਸਾਜਿਆ ਪੰਥ ਨਿਆਰਾ।

ਅੰਮ੍ਰਿਤ ਦੇ ਅਰਥਾਂ ਨੂੰ, ਗਿਆ ਤੂੰ ਭੁੱਲ ਮੇਰਿਆ ਵੀਰਾ।
ਛੱਡ ਝਗੜੇ ਜਾਤਾਂ ਦੇ, ਮੰਨ ਲੈ ਸਾਂਝ ਕਿਰਤ ਦੀ ਪੀਰਾ।
ਸਭ ਇੱਕ ਬਰਾਬਰ ਨੇ, ਦਿੱਤਾ ਸਿੱਖ ਗੁਰੂਆਂ ਨੇ ਨਾਹਰਾ।
ਕਿਸਾਨਾਂ ਆਈ.........................................

ਜ਼ਾਲਮ ਨਾਲ ਲੜਨ ਲਈ, ਗੁਰਾਂ ਨੇ ਅੰਮ੍ਰਿਤ ਸੀ ਛਕਾਇਆ।
ਸਭ ਕਿਰਤੀ ਲੋਕਾਂ ਨੂੰ, ਓਹਨਾਂ ਘੁੱਟ ਕੇ ਗਲ਼ ਨਾਲ ਲਾਇਆ।
ਉਹ ਜ਼ੁਲਮ ਨੂੰ ਰੋਕਣ ਦਾ, ਦੱਸ ਗਏ ਢੰਗ ਤਰੀਕਾ ਸਾਰਾ।
ਕਿਸਾਨਾਂ ਆਈ.........................................

ਤੂੰ ਛੱਡ ਕੇ ਖ਼ੁਦਕਸ਼ੀਆਂ, ਰਾਹ ਹੁਣ ਸੰਗਰਾਮਾਂ ਦਾ ਫੜ ਲਾ।
ਆਪੋ ਵਿੱਚ ਛੱਡ ਲੜਨਾ, ਪਹਿਲਾਂ ਦੁਸ਼ਮਣ ਦੇ ਨਾਲ ਲੜ ਲਾ।
ਤੇਰੀ ਮਿਹਨਤ ਲੁੱਟੀ ਦੀ, ਪਰ ਤੂੰ ਫਿਰਦਾ ਏਂ ਮਾਰਾ ਮਾਰਾ।
ਕਿਸਾਨਾਂ ਆਈ.........................................

ਰਾਜੇ ਰੰਗ ਬਦਲਦੇ ਨੇ, ਪਰ ਉਹ ਨਹੀਂ ਬਦਲਦੇ ਨੀਅਤਾਂ।
ਕਿਰਤੀ ਨੂੰ ਲੁੱਟਣ ਲਈ ਪਾਉਂਦੇ ਸ਼ਾਹਵਾਂ ਨਾਲ ਪ੍ਰੀਤਾਂ।
ਬਣਾ ਫੌਜ ਕਿਸਾਨਾਂ ਦੀ, ਹੋ ਜਾ ਇੱਕ-ਮੁੱਠ ਤੂੰ ਸਰਦਾਰਾ।
ਕਿਸਾਨਾਂ ਆਈ.........................................



Scanned with OKEN Scanner
Scanned with OKEN Scanner

ਮੰਡੀ ਵਿੱਚ ਰੁਲ਼ਦਾ ਤੂੰ, ਪਾ ਕੇ ਮਹਿੰਗੀਆਂ ਖਾਦ-ਦਵਾਈਆਂ।
ਤੈਨੂੰ ਵਾਧਾ ਕੀ ਮਿਲਣਾ,ਅਜੇ ਤਾਂ ਮੁੜਨ ਨਾ ਰਕਮਾਂ ਲਾਈਆਂ।
ਤੇਰੀ ਕਿਰਤ ਨੂੰ ਲੁੱਟਦਾ ਜੋ, ਓਹਨੂੰ ਮਾਰਨਾ ਪਊ ਲਲਕਾਰਾ ।
ਕਿਸਾਨਾਂ ਆਈ.................................................

ਰੱਤ-ਮਾਣਸ ਪੀਣ ਲਈ, ਇਹ ਕਈ ਬਦਲੇ ਰੰਗ ਲੁਟੇਰਾ।
ਪਹਿਲਾਂ ਕਰ ਪਛਾਣ ਲਈਂ, ਜਿਹੜਾ ਦੁਸ਼ਮਣ ਪੱਕਾ ਤੇਰਾ।
ਰਣ ਮਹਿ ਤਬ ਜੂਝ ਮਰੀਂ, 'ਚਾਹਲ' ਕਰ ਲਸ਼ਕਰ ਤੂੰ ਭਾਰਾ।
ਕਿਸਾਨਾਂ ਆਈ.................................................



Scanned with OKEN Scanner
Scanned with OKEN Scanner

# 27. ਹੁਣ ਕਿਰਤੀ ਕਾਮਾ ਜਾਗ ਪਿਆ

ਹੁਣ ਹੋਰ ਚਲਾਕੀ ਨਹੀਂ ਚੱਲਣੀ, ਮੈਨੂੰ ਲੁਟਿਆ ਤੂੰ ਬਥੇਰਾ ਏ,
ਹੁਣ ਕਿਰਤੀ ਕਾਮਾ ਜਾਗ ਪਿਆ ਵਧ ਰਿਹਾ ਕਾਫ਼ਲਾ ਮੇਰਾ ਏ।

ਤੂੰ ਪੀ ਲਿਆ ਖ਼ੂਨ ਗਰੀਬਾਂ ਦਾ, ਤੇ ਆਪਣੇ ਮਹਿਲ ਉਸਾਰ ਲਏ।
ਤੂੰ ਦੇਸ਼ ਦੇ ਹੀਰੇ ਰਤਨਾਂ ਤੇ, ਕਰ ਕਬਜ਼ਾ ਸਭ ਡਕਾਰ ਲਏ।
ਸਭ ਰੇਤਾ ਬੱਜਰੀ ਖਾ ਕੇ ਤੇ, ਢਿੱਡ ਅਜੇ ਨਾ ਭਰਿਆ ਤੇਰਾ ਏ।
ਹੁਣ ਕਿਰਤੀ ਕਾਮਾ.........................................

ਤੂੰ ਰਾਖੀ ਕਰਦੈਂ ਭਾਗੋਆਂ ਦੀ, ਪਰ ਲਾਲੋ ਭੁੱਖਾ ਮਰਦਾ ਏ।
ਕਾਮੇ ਦੀ ਕੋਈ ਚਿੰਤਾ ਨਾ, ਤੈਨੂੰ ਫ਼ਿਕਰ ਆਪਣੇ ਘਰ ਦਾ ਏ।
ਸਦਾ ਰਾਤ ਚਾਂਦਨੀ ਨਹੀਂ ਰਹਿਣੀ, ਨਾ ਰਹਿਣਾ ਸਦਾ ਸਵੇਰਾ ਏ।
ਹੁਣ ਕਿਰਤੀ ਕਾਮਾ.........................................

ਤੇਰੀ ਯਾਰੀ ਨਾਲ ਵਪਾਰੀ ਦੇ, ਪਿੱਠ ਕਾਮੇ ਵੱਲ ਨੂੰ ਕਰ ਲਈ ਤੂੰ।
ਤੇ ਦੇਸ਼ ਨੂੰ ਗਹਿਣੇ ਧਰਨ ਲਈ, ਹੈ ਫੁੱਲ ਤਿਆਰੀ ਕਰ ਲਈ ਤੂੰ।
ਤੈਨੂੰ ਫ਼ਿਕਰ ਆਪਣੀ ਕੁਰਸੀ ਦਾ, ਪਰ ਫ਼ਿਕਰ ਨਾ ਭੋਰਾ ਮੇਰਾ ਏ।
ਹੁਣ ਕਿਰਤੀ ਕਾਮਾ.........................................

ਪੜ੍ਹ ਲਿਖ ਕੇ ਵਿਹਲੇ ਫਿਰਦੇ ਨੇ, ਪੁੱਤ ਕਾਮੇ ਅਤੇ ਕਿਸਾਨਾਂ ਦੇ।
ਨਸ਼ਿਆਂ ਦੇ ਪੰਜੇ ਵਿੱਚ ਜਕੜੇ, ਜੋ ਢਾਹੇ ਚੜ੍ਹੇ ਸ਼ੈਤਾਨਾਂ ਦੇ।
ਇਹ ਰਾਤ ਜ਼ੁਲਮ ਦੀ ਮੁੱਕਣੀ ਏ, ਤੇ ਆਉਣਾ ਸੁਰਖ਼ ਸਵੇਰਾ ਏ
ਹੁਣ ਕਿਰਤੀ ਕਾਮਾ.........................................



Scanned with OKEN Scanner
Scanned with OKEN Scanner

'ਕੱਠੇ ਹੋ ਕੁੱਲੀਆਂ ਢਾਰਿਆਂ ਨੇ, ਤੇਰੇ ਮਹਿਲ ਨੂੰ ਘੇਰਾ ਪਾਉਣਾ ਏ।
ਛੱਡ ਝਗੜੇ ਜਾਤਾਂ-ਪਾਤਾਂ ਦੇ, ਕਰ ਏਕਾ 'ਚਾਹਲ' ਦਿਖਾਉਣਾ ਏ।
ਕੱਟ ਦੇਣੇ ਸੰਗਲ ਗੁਲਾਮੀ ਦੇ, ਫੜ੍ਹ ਹੱਥ 'ਚ ਲਾਲ ਫੁਲੇਰਾ ਏ।
ਹੁਣ ਕਿਰਤੀ ਕਾਮਾ ਜਾਗ ਪਿਆ, ਵਧ ਰਿਹਾ ਕਾਫ਼ਲਾ ਮੇਰਾ ਏ।



Scanned with OKEN Scanner
Scanned with OKEN Scanner

# 28. ਇੱਕ ਨਜ਼ਮ ਲੋਹੜੀ ਦੇ ਨਾਂ

ਪੁੱਤ ਜੰਮੇ ਤੇ ਜੱਗ ਵੰਡੇ ਲੋਹੜੀ, ਪਰ ਧੀ ਜੰਮੇ ਤੇ ਝੋਰਾ।
ਧੀ ਬਿਨ ਪੁੱਤ ਨਾ ਜੰਮਣੇ ਮੂਲੋਂ, ਜੱਗ ਨੂੰ ਫ਼ਿਕਰ ਨਾ ਭੋਰਾ।

ਪੁੱਤ ਨੂੰ ਸਮਝੇ ਫੁੱਲ, ਤੇ ਪੱਥਰ ਧੀ ਨੂੰ ਸਮਝੀ ਜਾਵੇ।
ਪੁੱਤ ਕਈ ਲੈਂਦੇ ਪੰਗੇ, ਪਰ ਧੀ ਪਿਉ ਦਾ ਨਾਂ ਰੁਸ਼ਨਾਵੇ।

ਪੁੱਤ ਵੰਡਾਉਣ ਜ਼ਮੀਨਾਂ, ਧੀਆਂ ਦੁੱਖ ਵੰਡਾਉਣ ਆ ਕੇ।
ਫਿਰ ਕਿਉਂ ਬੰਦਾ ਪੁੱਤ ਦੀ ਚਾਹਤ, ਰੱਖੇ ਹਿੱਕ ਨਾਲ ਲਾ ਕੇ।

ਬਦਲ ਗਿਆ ਜ਼ਮਾਨਾ ਹੁਣ ਤਾਂ, ਬਦਲਿਆ ਕੁੱਲ ਜਹਾਨ।
ਧੀ-ਪੁੱਤ ਵਿੱਚ ਨਾ ਫ਼ਰਕ ਰਹਿ ਗਿਆ, ਦੋਵੇਂ ਇੱਕ ਸਮਾਨ।

ਧਰਤੀ ਛੱਡ ਅਸਮਾਨ ਛੂਹਣ ਤੱਕ, ਧੀਆਂ ਮੱਲਾਂ ਮਾਰਨ।
ਸਰਹੱਦਾਂ ਦੀ ਕਰਦੀਆਂ ਰਾਖੀ, ਦੇਸ਼ ਤੋਂ ਜਾਨਾਂ ਵਾਰਨ।

ਸੁਣੋ 'ਚਾਹਲ' ਦਾ ਹੋਕਾ ਸਾਰੇ, ਆਪਣਾ ਫ਼ਰਜ਼ ਪਛਾਣੋ।
ਵੇਖ ਪਰਾਈਆਂ ਧੀਆਂ-ਭੈਣਾਂ, ਆਪਣੀਆਂ ਕਰ ਜਾਣੋ।

ਆਓ ਮਿੱਤਰੋ ਦਾਜ ਦੀ ਥਾਂ ਤੇ, ਧੀ ਨੂੰ ਵਿਦਿਆ ਦਈਏ।
ਬਦਲੀਏ ਹੁਣ ਨਜ਼ਰੀਆ ਆਪਣਾ, ਪੁੱਤ ਸਮ ਦਰਜਾ ਦਈਏ।

ਰਹਿਣ ਨਾ ਚਿੜੀਆਂ ਵਾਂਗ ਸਹਿਕੀਆਂ, ਹੱਲਾਸ਼ੇਰੀ ਦਈਏ।
ਇਹਨਾਂ ਦੇ ਹਿੱਸੇ ਦਾ 'ਚਾਹਲ ਆਸਮਾਨ ਵੀ ਖੁੱਲ੍ਹਾ ਦਈਏ।



Scanned with OKEN Scanner
Scanned with OKEN Scanner

## 29. ਸਾਵਣਾ ਵਰ੍ਹਦਾ ਰਹੋਂ

ਲੇਬਰ-ਚੌਂਕ 'ਚ ਖੜਕੇ ਯਾਰੋ, ਵਰ੍ਹਦਾ ਸਾਵਣ ਵੇਖਾਂ।
ਅੱਜ ਦਿਹਾੜੀ ਮਾਰੀ ਜਾਣੀ, ਕੀ ਲਿਖਿਆ ਵਿੱਚ ਲੇਖਾਂ।
ਜੇ ਘਰ ਮੁੱਕਿਆ ਹੋਇਆ ਆਟਾ, ਅੱਜ ਰੋਟੀ ਪੱਕਣੀ ਨਾ
ਸਾਵਣਾ ਵਰ੍ਹਦਾ ਰਹੋਂ, ਮੈਥੋਂ ਆਖਿਆ ਜਾਵੇ ਨਾ। ਸਾਵਣਾ.......

ਕੀ ਮਜ਼ਦੂਰਾ ਜ਼ਿੰਦਗੀ ਤੇਰੀ, ਡੰਗੋ-ਡੰਗ ਹੀ ਸਰਦਾ।
ਰੋਜ਼ ਦਿਹਾੜੀ ਕਰਕੇ ਖਾਣਾ, ਮਰਦਾ ਕੀ ਨਾ ਕਰਦਾ।
ਪਰ ਤੂੰ ਆਪਣੀ ਮਰਜੀ ਕਰਨੀ, ਸਾਡੀ ਕੀ ਪ੍ਰਵਾਹ ? ਸਾਵਣਾ.......

ਤਕੜੇ ਨੂੰ ਤੇ ਫ਼ਰਕ ਨਾ ਪੈਂਦਾ, ਗਰਮੀ ਹੈ ਜਾਂ ਸਰਦੀ।
ਮੌਸਮ ਠੰਢਾ ਹੋ ਜਾਵੇ ਤਾਂ, ਵਿਸਕੀ ਨਿੱਘਾ ਕਰਦੀ।
ਵੇਖ ਘਟਾ ਨੂੰ ਡਰਦਾ ਮਾੜਾ, ਸਿਰ ਛੱਤ ਵੀ ਚੋਂਦੀ ਆ। ਸਾਵਣਾ.......

ਸਾਈਕਲ ਨਾਲ ਸੀ ਬੰਨ੍ਹੀ ਰੋਟੀ, ਘਰ ਵਾਲੀ ਨੇ ਲਾਹ ਕੇ।
ਰਾਸ਼ਣ ਕਹਿੰਦੀ ਸੀ ਲੈ ਆਇਓ, ਪੂੜੇ ਦਊਂ ਪਕਾ ਕੇ।
ਵੇਖ ਘਟਾ ਸੀ ਕਹਿੰਦੇ ਬੱਚੇ, ਅੱਜ ਖਾਣਾ ਖੀਰ-ਕੜਾਹ। ਸਾਵਣਾ.......

ਜੇਠ-ਹਾੜ ਦੀਆਂ ਧੁੱਪਾਂ ਮਗਰੋਂ, ਸਾਉਣ ਮਹੀਨਾ ਆਇਆ।
ਜੀਅ-ਜੰਤ ਸਭ ਸੁਖੀ ਨੇ ਹੋ ਗਏ, ਮੀਂਹ ਕੁਦਰਤ ਨੇ ਪਾਇਆ।
ਮੈਂ ਵੀ ਖ਼ੁਸ਼ ਹੋ ਜਾਂਦਾ ਜੇਕਰ, ਮਿਲੀ ਹੁੰਦੀ ਤਨਖ਼ਾਹ। ਸਾਵਣਾ.......

ਜੇ ਏਦਾਂ ਕਿਣਮਿਣ ਹੁੰਦੀ ਰਹੀ, ਦਿਨ ਤੇਰੇ ਲੇਖੇ ਲਾਉਣਾ ਪਊ।
ਘਰ ਜਾ ਕੇ ਬੀਵੀ-ਬੱਚਿਆਂ ਨੂੰ, 'ਚਾਹਲ' ਕੋਈ ਲਾਰਾ ਲਾਉਣਾ ਪਊ। ਇੰਜ
ਸਾਡੇ ਪੂੜੇ ਪੱਕਣੇ ਨਹੀਂ, ਰਹਿ ਜਾਣੇ ਦਿਲ ਵਿੱਚ ਚਾਅ। ਸਾਵਣਾ.......



Scanned with OKEN Scanner
Scanned with OKEN Scanner

# 30. ਹਰ ਇੱਕ ਰੁੱਤ ਨਿਆਰੀ

ਗਰਮੀ, ਸਰਦੀ, ਪਤਝੜ, ਵਰਖਾ, ਰੁੱਤ ਬਸੰਤ ਪਿਆਰੀ।
ਮੇਰੇ ਦੇਸ਼ ਪੰਜਾਬ ਦੀ ਯਾਰੋ ਹਰ ਇੱਕ ਰੁੱਤ ਨਿਆਰੀ।

1.
ਫੱਗਣ ਚੇਤ 'ਚ ਨਿਸਰਨ ਕਣਕਾਂ, ਪੱਕਣ ਦੀ ਕਰਨ ਤਿਆਰੀ।
ਠੰਢ ਘਟੇ, ਫੁੱਲ ਟਹਿਕਣ ਹਰ ਥਾਂ, ਧਰਤੀ ਕੱਜਣ ਸਾਰੀ।
ਤਿਤਲੀਆਂ, ਭੌਰੇ ਫਿਰਨ ਗੂੰਜਦੇ, ਫੁੱਲਾਂ ਤੇ ਵਾਰੋ ਵਾਰੀ।
ਮੇਰੇ ਦੇਸ਼ ਪੰਜਾਬ.......

2.
ਆਈ ਵਿਸਾਖੀ ਵੇਖ ਕਾਮਿਆਂ ਵਾਢੀ ਦਾ ਰੁਖ਼ ਕੀਤਾ।
ਵੱਢ ਗਾਹ ਕੇ ਭਰੇ ਭੜੋਲੇ, ਹਿਸਾਬ ਸ਼ਾਹਾਂ ਨਾਲ ਕੀਤਾ।
ਅੱਗ ਨਾੜ ਨੂੰ ਲਾਈ ਕਈਆਂ ਨੇ, ਮੱਤ ਉਹਨਾਂ ਦੀ ਮਾਰੀ।
ਮੇਰੇ ਦੇਸ਼ ਪੰਜਾਬ.....

3.
ਜੇਠ ਹਾੜ ਵਿੱਚ ਵਗਦੀਆਂ ਲੋਆਂ, ਲੁਕਦੀ ਫਿਰੇ ਲੁਕਾਈ।
ਜੱਟ ਪਿਆ ਖੇਤੀਂ ਧੂੜਾਂ ਪੁੱਟੇ, ਝੋਨਾ ਲਾਉਣਾ ਭਾਈ।
ਰਾਤ ਦਿਨੇ ਪਿਆ ਟਿਊਬਵੈੱਲ ਚੱਲੇ, ਧਰਤ ਨਿਚੋੜੀ ਸਾਰੀ।
ਮੇਰੇ ਦੇਸ਼ ਪੰਜਾਬ.....

4.
ਆਇਆ ਸਾਉਣ ਘਟਾਵਾਂ ਚੜ੍ਹੀਆਂ, ਮੋਰਾਂ ਪੈਲਾਂ ਪਾਈਆਂ।
ਮੀਂਹ ਪਿਆ ਤੇ ਵਰਤੀਆਂ ਠੰਢਾਂ, ਕੁੜੀਆਂ ਪੀਂਘਾਂ ਪਾਈਆਂ।



Scanned with OKEN Scanner
Scanned with OKEN Scanner

ਘਰ ਘਰ ਖੀਰਾਂ ਪੂੜੇ ਪੱਕਣ, ਹਿੱਕ ਧਰਤੀ ਦੀ ਠਾਰੀ।
ਮੇਰੇ ਦੇਸ਼ ਪੰਜਾਬ....

5.
ਨਦੀਆਂ ਨਾਲ਼ੇ ਭਰ ਜਾਣ ਪਿੱਛੋਂ, ਚੰਨ ਭਾਦੋਂ ਨੇ ਚਾੜ੍ਹੇ।
ਲੱਗਣ ਚੁਮਾਸੇ, ਆਉਣ ਪਸੀਨੇ, ਵਿਲਕਣ ਤਕੜੇ ਮਾੜੇ।
ਰੁੱਖਾਂ ਦੀ ਤੇ ਛਾਂ ਨਾ ਲੱਭੇ, ਬਿਜਲੀ-ਕੱਟ ਵੀ ਭਾਰੀ।
ਮੇਰੇ ਦੇਸ਼ ਪੰਜਾਬ.....

6.
ਭਾਦੋਂ ਮੁੱਕਿਆ, ਅੱਸੂ ਆਇਆ, ਕਹਿੰਦੇ ਮਾਹ ਨਿਰਾਲਾ।
ਦਿਨੇ ਤਾਂ ਚੁਭਦੀ ਧੁੱਪ ਬੰਦੇ ਨੂੰ, ਰਾਤੀਂ ਲੱਗੇ ਪਾਲ਼ਾ।
ਫ਼ਸਲ ਸਾਉਣੀ ਦੀ ਪੱਕ ਜਾਣ ਤੇ ਕਾਮਿਆਂ ਫੜੀ ਤਿਆਰੀ।
ਮੇਰੇ ਦੇਸ਼ ਪੰਜਾਬ.....

7.
ਕੱਤਕ ਵਿਚ ਵੀ ਸਾਂਭਣ ਫ਼ਸਲਾਂ, ਝੋਨੇ, ਮੱਕੀ, ਕਪਾਹ।
ਵਾਹ ਵਾਹ ਪੈਲੀਆਂ ਕਰਨ ਤਿਆਰੀ, ਲੈਣ ਰਤਾ ਨਾ ਸਾਹ।
ਚੜ੍ਹੇ ਮੱਘਰ ਦੇ ਕਣਕ ਬੀਜਣੀ, ਮਿੱਠੀ ਰੁੱਤ ਪਿਆਰੀ।
ਮੇਰੇ ਦੇਸ਼ ਪੰਜਾਬ....

8.
ਪੋਹ ਮਾਘ ਚ ਪੈਂਦਾ ਕੱਕਰ, ਠੰਢ ਹੱਡਾਂ ਨੂੰ ਠਾਰੇ।
ਤਕੜੇ ਪਾਉਂਦੇ ਕੋਟ ਜੈਕਟਾਂ, ਮਾੜਾ ਬੁੱਕਲ ਮਾਰੇ।
ਚਾਵਾਂ ਨਾਲ ਮਨਾਉਂਦੇ ਲੋਹੜੀ, ਰਲ਼ ਮਿਲ਼ ਭੁੱਗਾ ਬਾਲ਼ੀ।
ਮੇਰੇ ਦੇਸ਼ ਪੰਜਾਬ.....

9.
ਫੱਗਣ ਕੰਧੀਂ ਲੱਗਣ ਕਹਿੰਦੇ, ਮਿੱਠੀ ਰੁੱਤ ਨਿਰਾਲੀ।
ਪੇੜ ਤੇ ਪੌਦੇ ਸੀਤ ਦੇ ਝੰਬੇ ਜਾਵਣ ਸੁਰਤ ਸੰਭਾਲੀ।



Scanned with OKEN Scanner
Scanned with OKEN Scanner

ਚਾਰੇ ਪਾਸੇ ਫਿਰਨ ਬਹਾਰਾਂ, ਫੁੱਲਾਂ ਕਰੀ ਤਿਆਰੀ।
ਮੇਰੇ ਦੇਸ਼ ਪੰਜਾਬ ਦੀ ਯਾਰੋ........

10.
ਇੰਜ ਮੇਰੇ ਪੰਜਾਬ ਤੇ ਹਰ ਰੁੱਤ, ਬਦਲ ਬਦਲ ਕੇ ਆਵੇ।
ਗਰਮੀ ਹੈ ਜਾਂ ਸਰਦੀ 'ਚਾਹਲ', ਇਹਦੇ ਮਨ ਨੂੰ ਭਾਵੇ।
ਸੁਖੀ ਵੱਸਣ ਇਹਦੇ ਨਗਰ ਖੇੜੇ, ਸੁਖੀ ਵੱਸੇ ਨਰ-ਨਾਰੀ।
ਮੇਰੇ ਦੇਸ਼ ਪੰਜਾਬ ਦੀ ਯਾਰੋ ਹਰ ਇੱਕ ਰੁੱਤ ਨਿਆਰੀ।



Scanned with OKEN Scanner
Scanned with OKEN Scanner

## 31. ਇੱਕ ਫੌਜੀ ਤੇ ਉਸ ਦੀ ਪਤਨੀ ਦੇ ਮਨੋਭਾਵਾਂ ਨੂੰ ਚਿਤਰਦਾ ਦੋਗਾਣਾ

**ਸਥਾਈ ਅੰਤਰਾ :**

**ਫੌਜਣ-** ਆਖਦੀ ਆਂ ਤੈਨੂੰ ਮੇਰੇ ਦਿਲਾਂ ਦਿਆ ਜਾਨੀਆਂ ਵੇ, ਛੁੱਟੀ ਲੈ ਕੇ ਘਰ ਨੂੰ ਤੂੰ ਆ। ਝੱਲਿਆ ਨਾ ਜਾਵੇ ਵੇ ਵਿਛੋੜਾ ਇਸ ਉਮਰੇ, ਤੱਕਦੀ ਰਹਾਂ ਮੈਂ ਤੇਰਾ ਰਾਹ। ਮੇਰੇ ਹਾਣੀਆਂ ........

**ਫੌਜੀ-** ਇਸ ਸਾਲ ਵਾਲੀ ਛੁੱਟੀ ਕੱਟ ਤਾਂ ਗਿਆ ਸੀ ਬਿੱਲੋ, ਨਵੇਂ ਸਾਲ ਹੋਣਾ ਮੈਥੋਂ ਆ। ਨੇੜੇ ਥਾਂ ਜੇ ਹੁੰਦਾ ਸਾਹਬ ਆਪਣੇ ਨੂੰ ਕਹਿ ਕੇ, ਗੇਟ-ਪਾਸ ਲੈ ਕੇ ਜਾਂਦਾ ਬਿੱਲੋ ਆ, ਨੀ ਹਾਨਣੇ........

**ਫੌਜਣ-** ਨਵਾਂ ਨਵਾਂ ਹੋਇਆ ਸੀ ਵਿਆਹ ਜਦੋਂ ਆਪਣਾ, ਓਹੋ ਚਾਰ ਦਿਨ ਮੌਜਾਂ ਮਾਣੀਆਂ। ਮੁੱਕ ਗਈ ਛੁੱਟੀ ਤਾਂ ਮੁੜ ਜਾਣ ਵਾਲੀ ਗੱਡੀ ਫੜ, ਭੱਜ ਗਿਉਂ ਦਿਲਾਂ ਦਿਆ ਹਾਣੀਆਂ। ਮਹਿੰਦੀ ਵਾਲੇ ਹੱਥਾਂ ਦਾ ਤੇ ਚਾਅ ਵੀ ਨਾ ਲੱਥਿਆ, ਪਹਿਲਾਂ ਕਹਿਣਾ ਪਿਆ ਟਾਅ ਟਾਅ। ਮੇਰੇ ਹਾਣੀਆਂ, ਛੁੱਟੀ ਲੈ ਕੇ........

**ਫੌਜੀ-** ਮੇਰਾ ਕਿਹੜਾ ਜੀਅ ਕਰੇ ਘਰੋਂ ਬਾਹਰ ਬੈਠਣੇ ਨੂੰ, ਇਹ ਵੀ ਮੇਰੀ ਇੱਕ ਮਜਬੂਰੀ ਆ। ਜੱਟਾਂ ਦੇ ਪੁੱਤਾਂ ਨੂੰ ਹੋਰ ਕਿਹੜੀ ਮਿਲੇ ਨੌਂਕਰੀ ਨੀ, ਰੋਟੀ-ਰੋਜ਼ਗਾਰ ਵੀ ਜ਼ਰੂਰੀ ਆ। ਬਾਰ੍ਹਵੀਂ ਪੜ੍ਹੇ ਨੂੰ ਹੁਣ ਮਿਲਦੀ ਨਾ ਚੌਂਕੀਦਾਰੀ, ਮੈਂ ਵੀ ਕਿਹੜਾ ਖ਼ੁਸ਼ੀ ਨਾ ਗਿਆ। ਨੀ ਹਾਨਣੇ, ਨਵੇਂ ਸਾਲ ਹੋਣਾ........

**ਫੌਜਣ-** ਕੰਧ ਉੱਤੋਂ ਮੂੰਹ ਚੁੱਕ ਵੇਖਾਂ ਮੈਂ ਸੜਕ ਵੱਲ, ਜਦੋਂ ਕੋਈ ਬੈਗ ਚੁੱਕੀ ਆਂਵਦਾ। ਕਰਦੀ ਮਖੌਲ ਮੈਨੂੰ ਆਖਦੀ ਨਣਾਨ ਛੋਟੀ, ਭਾਬੀ ਤੈਨੂੰ ਵੀਰਾ ਨਹੀਂ ਸਿਆਣਦਾ। ਬਾਪੂ ਜੀ ਵੀ ਆਖਦੇ ਸੀ ਫੌਜੀ ਜਦੋਂ ਛੁੱਟੀ ਆਊ, ਕਰ ਦੇਣਾ ਇਸ ਦਾ ਵਿਆਹ। ਮੇਰੇ ਹਾਣੀਆਂ ਛੁੱਟੀ

**ਫੌਜੀ-** ਮੀਲਾਂ ਦਾ ਇਹ ਫ਼ਾਸਲਾ ਤੇ ਦੇਸ਼ ਦੀ ਸੁਰੱਖਿਆ ਦੀ, ਜਿੰਮੇਵਾਰੀ ਦੇਵੇ ਮੈਨੂੰ ਆਉਣ ਨਾ। ਘਰ ਦੀ ਗਰੀਬੀ ਨਾਲੇ ਬਾਪੂ ਦੀ ਤਾਕੀਦ ਮੈਨੂੰ, ਕਰੇ ਮਜ਼ਬੂਰ



Scanned with OKEN Scanner
Scanned with OKEN Scanner

ਦੇਵੇ ਸੌਣ ਨਾ। ਮੇਰਾ ਜੀਅ ਵੀ ਕਰਦਾ ਏ ਫੁੱਲਾਂ ਉੱਤੇ ਭੌਰੇ ਵਾਂਗ, ਰਾਤ-ਦਿਨ ਘੁੰਮਾਂ ਮੈਂ ਪਿਆ। ਨੀ ਹਾਨਣੇ, ਨਵੇਂ ਸਾਲ ਹੋਣਾ........

**ਫੌਜਣ-** ਸਾਹਮਣੀ ਦੀਵਾਰ ਉੱਤੇ ਜੋੜੀ ਆ ਕਬੂਤਰਾਂ ਦੀ, ਬਹਿ ਕੇ ਰੋਜ਼ ਕਰਦੀ ਪਿਆਰ ਵੇ। ਵੇਖ ਵੇਖ ਰੋਜ਼ ਮੇਰਾ ਚਿੱਤ ਕਰੇ ਘਾਊਂ-ਮਾਊਂ, ਬਹਿ ਜਾਂ ਮਨ ਆਪਣੇ ਨੂੰ ਮਾਰ ਵੇ। ਇਹਨਾਂ ਫੁੱਲਾਂ ਉੱਤੇ ਵੀ ਬਹਾਰ ਕਦੇ ਆਊਗੀ, ਪੱਤਝੜ ਰਹਿਣੀ ਨਾ ਸਦਾ। ਮੇਰੇ ਹਾਣੀਆਂ, ਛੁੱਟੀ ਲੈ।........

**ਫੌਜੀ-** ਦਸ ਸਾਲ ਹੋ ਗਏ ਸਾਢੇ ਸੱਤ ਸਾਲ ਰਹਿਗੇ, ਟਾਇਮ ਸੁਪਨੇ ਦੇ ਵਾਂਗ ਲੰਘ ਜਾਣਾ ਨੀ। ਸਾਲ ਤਾਂਈਂ ਤੈਨੂੰ ਭੁੱਲ ਜਾਣਾ ਇਹ ਵਿਛੋੜਾ, ਜਦੋਂ ਖੇਡੂ ਗੋਦੀ ਤੇਰੀ 'ਚ ਨਿਆਣਾ ਨੀ। ਬਾਪੂ ਜੀ ਤੇ ਮਾਂ ਜੀ ਤੇਰਾ ਰੱਖਣਗੇ ਮਾਣ ਪੂਰਾ, ਚਿੱਠੀ ਵਿੱਚ ਮੈਂ ਲਿਖ ਤਾ। ਨੀ ਹਾਨਣੇ, ਨਵੇਂ ਸਾਲ ਹੋਣਾ........

**ਫੌਜਣ-** ਚੰਗਾ ਫਿਰ ਆਸ ਨਾ ਜਹਾਨ ਜਿਵੇਂ ਵੱਸਦਾ ਏ, ਮੈਂ ਵੀ ਕੱਟ ਲਊਂਗੀ ਬਾਕੀ ਸਾਲ ਵੇ। ਮਾਹੀ ਪ੍ਰਦੇਸ ਜੀਹਦਾ ਗਿਆ ਹੋਵੇ, ਓਹੀ ਜਾਣੇ, ਦੂਸਰਾ ਕੀ ਜਾਣੇ ਓਹਦਾ ਹਾਲ ਵੇ। 'ਮਾਣੋਚਾਹਲ' ਜਦੋਂ ਨੇ ਬਹਾਰਾਂ ਰੁੱਸ ਜਾਂਦੀਆਂ, ਖਿੜੇ ਫੁੱਲ ਜਾਣ ਮੁਰਝਾ। ਮੇਰੇ ਹਾਣੀਆਂ, ਜਦੋਂ ਛੁੱਟੀ ਮਿਲੂ ਜਾਈਂ ਆ, ਮੇਰੇ ਜਾਨੀਆਂ, ਜਦੋਂ ਛੁੱਟੀ ਮਿਲੂ ਜਾਈਂ ਆ........



Scanned with OKEN Scanner
Scanned with OKEN Scanner

# 32. ਅਕਲ ਦੀ ਗੋਲ਼ੀ

ਜੇ ਹਾਕਮ ਨੇ ਅਕਲ ਦੀ ਗੋਲੀ, ਵੇਲੇ ਸਿਰ ਹੀ ਖਾਧੀ ਹੁੰਦੀ।
ਦੁਸ਼ਮਣੀ ਨਾਲ ਪੰਜਾਬ ਨਾ ਕਰਦਾ, ਦਿੱਤੀ ਕੁਝ ਅਜ਼ਾਦੀ ਹੁੰਦੀ।
ਪੰਜ ਦਰਿਆਵਾਂ ਦੀ ਧਰਤੀ ਦੇ, ਪਾਣੀ ਇੰਜ ਨਾ ਲੁੱਟੇ ਜਾਂਦੇ।
ਨਾਂ ਕੋਈ ਜੂਨ ਚੁਰਾਸੀ ਹੁੰਦਾ, ਨਾ ਏਨੀ ਬਰਬਾਦੀ ਹੁੰਦੀ।

ਦੁਨੀਆਂ ਦੀ ਹਰ ਨੁੱਕਰ ਅੰਦਰ, ਗੁਰਬਾਣੀ ਦੀ ਧੁੰਨ ਗੂੰਜਦੀ।
ਹਰਿਮੰਦਰ ਤੋਂ ਗਾਈ ਜਾਂਦੀ, ਬਾਣੀ ਆਦਿ ਜੁਗਾਦੀ ਹੁੰਦੀ।
ਵੱਧ ਅਧਿਕਾਰਾਂ ਦੀ ਗੱਲ ਮੰਨਦੇ, ਜੈ ਜੈ ਕਾਰ ਤੁਹਾਡੀ ਹੁੰਦੀ।
ਨਾ ਕੋਈ ਜੂਨ ਚੁਰਾਸੀ ਹੁੰਦਾ.........

ਪਰ ਹਾਕਮ ਦੀ ਨੀਅਤ ਮਾੜੀ, ਉਹ ਸੀ ਸਬਕ ਸਿਖਾਉਣਾ ਚਾਹੁੰਦਾ।
ਪੰਜੇ ਦੀ ਥਾਂ ਤੱਕੜੀ ਮੱਲੇ, ਕਦੇ ਨਹੀਂ ਸੀ ਉਹਨੂੰ ਭਾਉਂਦਾ।
ਤੀਰਾਂ ਤੇ ਤਲਵਾਰਾਂ ਵਾਲ਼ੀ ਜੇ ਨਾ ਘੁੰਮੀ ਚਾਬੀ ਹੁੰਦੀ।
ਨਾ ਕੋਈ ਜੂਨ ਚੁਰਾਸੀ ਹੁੰਦਾ .........

ਦਹਿਸ਼ਤ ਦਾ ਨਾ ਪਹਿਰਾ ਹੁੰਦਾ, ਬੇਦੋਸ਼ਿਆਂ ਦੇ ਕਤਲ ਨਾ ਹੁੰਦੇ।
ਏਕ ਨੂਰ ਤੇ ਸਭ ਜਗ ਉਪਜਿਆ, ਕਉਨ ਭਲੇ ਕੋ ਮੰਦੇ ਹੁੰਦੇ।
ਹਾਕਮ ਜੇ ਇਨਸਾਫ਼ ਕਰੇਂਦਾ, ਜਵਾਨੀ ਨਾ ਅਤਿਵਾਦੀ ਹੁੰਦੀ।
ਨਾ ਕੋਈ ਜੂਨ ਚੁਰਾਸੀ ਹੁੰਦਾ..........



Scanned with OKEN Scanner
Scanned with OKEN Scanner

# 33. ਹੱਕਾਂ ਨੂੰ ਪੈਂਦੇ ਚੋਰ ਜਦੋਂ

1. ਹੱਕਾਂ ਨੂੰ ਪੈਂਦੇ ਚੋਰ ਜਦੋਂ,
ਖੋਹ ਲੈਂਦੇ ਹੀਰਾਂ ਹੋਰ ਜਦੋਂ,
ਰਾਜੇ ਦੀ ਬਦਲੇ ਤੋਰ ਜਦੋਂ,
ਉਹ ਨਵੇਂ ਕਨੂੰਨ ਬਣਾਉਂਦਾ ਏ।
ਤੇ ਕੁਰਸੀ ਪੱਕੀ ਕਰਨ ਲਈ,
ਉਹ ਨਵਾਂ ਸਵਾਂਗ ਰਚਾਉਂਦਾ ਏ।

2. ਇੱਥੇ ਅੰਨ-ਦਾਤੇ ਹੱਥ ਫੰਧਾ ਏ,
ਗੱਭਰੂ ਨਸ਼ਿਆਂ ਵਿਚ ਅੰਧਾ ਏ,
ਹਾਕਮ ਦਾ ਲੁੱਟਣਾ ਧੰਦਾ ਏ,
ਜੇ ਵੇਖ ਕੋਈ ਸ਼ੋਰ ਮਚਾਉਂਦਾ ਏ,
ਬੰਦੇ ਦਾ ਪੁੱਤ ਬਣਾਉਣ ਲਈ,
ਉਹਦੇ ਪੈਰੀਂ ਬੇੜੀਆਂ ਪਾਉਂਦਾ ਏ।

3. ਨਵੀਂ ਹਾਕਮ ਚਾਲ ਚਲਾਉਂਦਾ ਏ,
ਗੱਲਾਂ ਦਾ ਕੜਾਹ ਬਣਾਉਂਦਾ ਏ,
ਅੰਬਾਨੀਆਂ ਤਾਈਂ ਰਜਾਉਂਦਾ ਏ,
ਸ਼ਾਹ ਬਾਹਰੋਂ ਕਈ ਮੰਗਾਉਂਦਾ ਏ,
ਉਹ ਹਿੱਤ ਵੇਚ ਕੇ ਲੋਕਾਂ ਦੇ,
ਤੇ ਆਤਮ-ਨਿਰਭਰ ਬਣਾਉਂਦਾ ਏ।



Scanned with OKEN Scanner
Scanned with OKEN Scanner

4. ਇੱਥੇ ਲੋਕ ਕਨੂੰਨ ਦੇ ਬੱਝੇ ਹੋਏ,
ਚਾਅ ਲੋੜਾਂ ਹੇਠਾਂ ਦੱਬੇ ਹੋਏ,
ਤੇ ਧੱਕੇ ਖਾ ਖਾ ਰੱਜੇ ਹੋਏ,
ਕਿਤੇ ਨਿਕਲ ਪੈਣ ਨਾ ਸੜਕਾਂ ਤੇ,
ਐਨ ਐਸ ਏ ਲਾ ਕੇ ਓਹਨਾਂ ਤੇ
ਚੁੱਕ ਜੇਲ੍ਹਾਂ ਦੇ ਵਿਚ ਪਾਉਂਦਾ ਏ।

5. ਇਸ ਹਾਕਮ ਦਾ ਇਤਬਾਰ ਨਹੀਂ,
ਇਹਨੇ ਦੇਣਾ ਕੋਈ ਰੁਜ਼ਗਾਰ ਨਹੀਂ,
ਇਹ ਮਿਹਨਤਕਸ਼ ਦਾ ਯਾਰ ਨਹੀਂ,
ਇਹਦੀ ਸ਼ਾਹਾਂ ਦੇ ਨਾਲ਼ ਯਾਰੀ ਏ,
ਇਹਨੇ ਦੇਸ਼ ਲੁਟਾ ਤਾ ਚੋਰਾਂ ਨੂੰ,
ਇਹਦੀ ਕਾਹਦੀ ਚੌਂਕੀਦਾਰੀ ਏ।

6. ਸਭ ਵਿਹਲੇ ਫਿਰਦੇ ਜੁੜ ਜਾਵੋ,
ਸਭ ਭੁੱਖੇ ਮਰਦੇ ਜੁੜ ਜਾਵੋ,
ਸਭ ਲੁੱਟੇ ਜਾਂਦੇ ਜੁੜ ਜਾਵੋ,
ਹੱਕਾਂ ਲਈ ਪੈਣਾ ਲੜਨਾ ਏ,
'ਚਾਹਲ' ਦਾ ਸੁਣ ਲਓ ਹੋਕਾ ਇਹ,
ਬਿਨ ਲੜਿਆਂ ਕੁਝ ਨਾ ਬਣਨਾ ਏ।



Scanned with OKEN Scanner
Scanned with OKEN Scanner

# 34. ਕਿਉਂ ਤੂੰ ਇਹਨਾਂ ਦੀ ਸੰਘੀ ਨੂੰ ਹੱਥ ਪਾਇਆ ਦਿੱਲੀਏ

1

ਇਹ ਜੋ ਖੇਤਾਂ ਦੇ ਦੁਲਾਰੇ, ਖੜੇ ਸੜਕਾਂ ਕਿਨਾਰੇ,
ਝੰਡੇ ਮੋਢਿਆਂ ਤੇ ਚੁੱਕੀ, ਮਾਰ ਰਹੇ ਲਲਕਾਰੇ।
ਇਹ ਤਾਂ ਕਾਫ਼ਲਾ ਘਣੇਰਾ, ਆਏ ਛੱਡ ਤੇਰਾ ਮੇਰਾ,
ਲਾ ਕੇ ਨਾਹਰੇ ਅਸਮਾਨ ਗੁੰਜਾਇਆ ਦਿੱਲੀਏ।
ਨੀ ਕਿਉਂ ਤੂੰ ਇਹਨਾਂ ਦੀ ਸੰਘੀ ਨੂੰ ਹੱਥ ਪਾਇਆ ਦਿੱਲੀਏ।

2

ਇਹ ਤਾਂ ਖੇਤਾਂ 'ਚ ਉਗਾ ਕੇ, ਅੰਨ ਹਰ ਮੂੰਹ 'ਚ ਪਾਉਂਦੇ।
ਆਪ ਰਹਿਣ ਭਾਵੇਂ ਭੁੱਖੇ, ਪਰ ਲੋਕਾਂ ਨੂੰ ਰਜਾਉਂਦੇ।
ਨਹੀਂ ਕੋਈ ਹੰਕਾਰ, ਰਹਿੰਦੇ ਸ਼ੁਕਰ ਮਨਾਉਂਦੇ।
ਹੁਣ ਗਲ਼ ਤਕ ਪਾਣੀ ਚੜ੍ਹ ਆਇਆ ਦਿੱਲੀਏ,
ਨੀ ਕਿਉਂ ਤੂੰ ਇਹਨਾਂ ਦੀ..............

3

ਮਹਿੰਗੇ ਭਾਅ ਪਾ ਕੇ ਖੇਤੀਂ, ਇਹ ਖਾਦਾਂ ਤੇ ਦਵਾਈਆਂ।
ਖੁਰ ਜਾਂਵਦੀ ਕਮਾਈ, ਹੋਈਆਂ ਮਹਿੰਗੀਆਂ ਪੜ੍ਹਾਈਆਂ।
ਪੁੱਤ ਪੜ੍ਹ ਕੇ ਵੀ ਵਿਹਲੇ, ਧੀਆਂ ਔਖੇ ਹੋ ਵਿਆਹੀਆਂ।
ਕਿਵੇਂ ਕਰਜ਼ੇ ਦਾ ਭਾਰ, ਜਾਵੇ ਲਾਹਿਆ ਦਿੱਲੀਏ,
ਨੀ ਕਿਉਂ ਤੂੰ ਇਹਨਾਂ ਦੀ..............

4

ਲਹੂ ਤਾਂ ਪਹਿਲਾਂ ਹੀ ਗਰੀਬਾਂ ਦਾ, ਨਿਚੋੜਿਆ ਬਥੇਰਾ।
ਆਹ ਨਵਿਆਂ ਕਨੂੰਨਾਂ ਦਾ, ਕੀ ਪਾ ਲਿਆ ਈ ਝੇੜਾ ?



Scanned with OKEN Scanner
Scanned with OKEN Scanner

ਭੋਗ ਮੰਡੀਆਂ ਦਾ ਪਾ ਕੇ, ਖੁੱਲ੍ਹਾ ਛੱਡ ਤਾ ਲੁਟੇਰਾ।
ਚਾਹੁੰਦੀ ਮਾਲਕਾਂ ਤੋਂ ਸੀਰੀ, ਤੂੰ ਬਣਾਇਆ ਦਿੱਲੀਏ ਨੀ,
ਕਿਉਂ ਤੂੰ ਇਹਨਾਂ ਦੀ..........

5

ਤੂੰ ਨਹੀਂ ਜਾਣਦੀ ਰਕਾਨੇ, ਸਾਡੇ ਗਦਰੀ ਸੀ ਬਾਬੇ।
ਕੱਢੇ ਗੋਰੇ ਦੇਸ਼ੋਂ ਬਾਹਰ, ਸਾਡੇ ਭਗਤ ਸਰਾਭੇ।
ਰੱਸੇ ਫਾਂਸੀਆਂ ਦੇ ਚੁੰਮੇ, ਦੁੱਖ ਸਹੇ ਬੇਹਿਸਾਬੇ।
'ਚਾਹਲ' ਤੈਨੂੰ ਸੀ ਅਜ਼ਾਦ ਕਰਵਾਇਆ ਦਿੱਲੀਏ,
ਨੀ ਕਿਉਂ ਤੂੰ ਇਹਨਾਂ ਦੀ................



Scanned with OKEN Scanner
Scanned with OKEN Scanner

## 35. ਸੁਣ ਹਾਕਮ ਹੁਕਮ ਕਰੇਂਦਿਆ

ਸੁਣ ਹਾਕਮ ਹੁਕਮ ਕਰੇਂਦਿਆ, ਕਿਤੇ ਮਹਿਲਾਂ ਵਿੱਚੋਂ ਬੋਲ।
ਤੇ ਅੱਜ ਪੰਜਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।

ਮੇਰੇ ਨਸ਼ਿਆਂ ਨੇ ਪੁੱਤ ਖਾ ਲਏ, ਨਾ ਮਾਰੀ ਕਿਸੇ ਨੇ ਧਾਹ।
ਮੇਰੇ ਵਿਹੜੇ ਲਾਸ਼ਾਂ ਵਿਛੀਆਂ ਪਰ ਤੈਨੂੰ ਨਹੀਂ ਪਰਵਾਹ।

ਤੂੰ ਖਟਕੜ ਸੌਹਾਂ ਖਾਧੀਆਂ, ਬੁੱਤ ਭਗਤ ਸਿੰਘ ਗਵਾਹ।
ਜੇ ਬਖ਼ਸ਼ੋ ਤਖ਼ਤ ਪੰਜਾਬ ਦਾ ਤਾਂ ਦੇਊਂਗਾ ਨਸ਼ੇ ਮੁਕਾ।

ਸੀ ਭੋਲ਼ੇ ਲੋਕ ਪੰਜਾਬ ਦੇ ਜਿਹਨਾਂ ਕਰ ਇਤਬਾਰ ਲਿਆ।
ਇਹਨਾਂ ਧੌਣ ਛੁਡਾ ਕੇ ਇਕ ਤੋਂ ਦਿੱਤੀ ਦੂਜੇ ਹੱਥ ਫੜਾ।

ਸੀ ਵੱਸਦਾ ਗੁਰਾਂ ਦੇ ਨਾਂ ਤੇ, ਅੱਜ ਵੱਸਦਾ ਉੱਜੜ ਗਿਆ।
ਜਿਹਨੇ ਢਾਹੇ ਦਿੱਲੀ ਦੇ ਕਿੰਗਰੇ ਉਹਨੂੰ ਲਿਆ ਚਿੱਟੇ ਨੇ ਖਾ।

ਪਹਿਲਾਂ ਡੰਗ ਲਏ ਅਤਿਵਾਦ ਨੇ, ਕੁਝ ਨਸ਼ਿਆਂ ਦਿੱਤੇ ਮੁਕਾ।
ਬਾਕੀ ਗਹਿਣੇ ਪਾ ਪੰਜਾਬ ਨੂੰ ਵੱਸ ਗਏ ਵਿਚ ਕਨੇਡਾ ਜਾ।

ਸੁਣ ਰਾਜਿਆ ਰਾਜ ਕਮਾਉਂਦਿਆ ਪਰਜਾ ਦੀ ਹਾਲ ਪੁਕਾਰ।
ਇੱਥੇ ਹਰ ਘਰ ਸੱਥਰ ਵਿਛਿਆ ਤੇ ਮੱਚੀ ਹਾਹਾਕਾਰ।



Scanned with OKEN Scanner
Scanned with OKEN Scanner

ਇੱਥੇ ਮਾਂਵਾਂ ਪਾਉਂਦੀਆਂ ਕੀਰਨੇ, ਬੁੱਢੇ ਬਾਪ ਹੋਏ ਲਾਚਾਰ।
ਰੁਲ਼ ਗਈ ਭੈਣਾਂ ਦੀ ਰੱਖੜੀ, ਕੰਧੀਂ ਲੱਗ ਡੁਸਕੇ ਮੁਟਿਆਰ।

ਨਿੱਕੇ ਬੋਟ ਵਿਚਾਰੇ ਰਹਿ ਗਏ, ਕੀਹਨੂੰ ਕਹਿਣਗੇ ਡੈਡੀ ਯਾਰ।
ਜਿਹੜੀ ਧੀ ਦਾ ਬਾਬਲ ਤੁਰ ਗਿਆ, ਕਿਹੜਾ ਡੋਲ਼ੀ ਕਰੂ ਤਿਆਰ।

ਕੌਣ ਬਣੂ ਡੰਗੋਰੀ ਬਾਪ ਦੀ, ਲੰਘੂ ਉਮਰ ਹੌਕਿਆਂ ਨਾਲ਼।
ਖਾਲੀ ਦਿਨ ਨਹੀਂ ਕੋਈ ਜਾਂਵਦਾ ਹੋਇਆ ਬਹੁਤਾ ਮੰਦੜਾ ਹਾਲ।

ਤੈਨੂੰ ਆਖਾਂ ਗੱਲ ਸੁਣ ਰਾਜਿਆ, ਆ ਲੋਕਾਂ ਦੇ ਵਿਚਕਾਰ।
ਤੈਥੋਂ ਹੋਰ ਨਾ ਕੁਝ ਵੀ ਮੰਗਦੇ ਬੰਦ ਚਿੱਟੇ ਦਾ ਕਰ ਵਪਾਰ।

ਛੱਡ ਕੇ ਸਾਂਝ ਲੁਟੇਰੇ ਨਾਲ਼ ਤੂੰ, ਪਾ ਲੈ ਸਾਂਝ ਪੰਜਾਬੀਆਂ ਨਾਲ਼।
ਨਹੀਂ ਤਾਂ ਭੱਜਿਆਂ ਜਾਣ ਨਾ ਦੇਣਗੇ, ਲੋਕ ਸਮਝ ਗਏ ਨੇ ਚਾਹਲ।



Scanned with OKEN Scanner
Scanned with OKEN Scanner

# 36. ਇਹ ਕਿਉਂ ਭਾਣਾ ਵਰਤਿਆ ਯਾਰ

1.

ਕੀ ਹੋਇਆ ਤੇ ਕਿਸ ਤਰ੍ਹਾਂ ਹੋਇਆ ?
ਗਿਆ ਸਨਮਾਨ ਪੁਰਾਣਾ ਖੋਹਿਆ,
ਸਾਰਾ ਗੁੜ ਹੋ ਗਿਆ ਗੋਹਿਆ,
ਇਹ ਕਿਉਂ ਪਈ ਪੰਜਾਬ ਨੂੰ ਮਾਰ ?
ਤੂੰ ਕਲਮੇਂ ਸੱਚ ਲਿਖ ਦੇ,
ਇਹ ਕਿਉਂ ਭਾਣਾ ਵਰਤਿਆ ਯਾਰ ? ਤੂੰ ਕਲਮੇਂ ਸੱਚ ਲਿਖਦੇ......

2.

ਗਲ਼ੀ ਗਲ਼ੀ ਹਰ ਮੋੜ ਮੋੜ ਤੇ,
ਨਸ਼ੇ ਨੇ ਸਾਰੇ ਰਿਕਾਰਡ ਤੋੜ ਤੇ,
ਮਿਲ਼ ਜਾਂਦਾ ਜੀਹਨੂੰ ਹੈ ਲੋੜ ਤੇ,
ਸ਼ਰੇਆਮ ਵਿਕੇਂਦਾ ਯਾਰ,
ਤੂੰ ਕਲਮੇਂ

3.

ਪਹਿਲਾਂ ਫ਼ੀਮ ਸ਼ਰਾਬ ਸੀ ਯਾਰੋ,
ਕੀਤਾ ਖ਼ਾਨਾ ਖ਼ਰਾਬ ਸੀ ਯਾਰੋ,
ਭੁੱਕੀ ਪੋਸਤ ਨਵਾਬ ਸੀ ਯਾਰੋ,
ਹੁਣ ਤਾਂ ਚਿੱਟੇ ਨਾਲ਼ ਪਿਆਰ,
ਤੂੰ ਕਲਮੇਂ

4.

ਪਹਿਲਾਂ ਪੇਪਰ ਉਤੇ ਪਾ ਕੇ,
ਲੈਂਦੇ ਝੂਟੇ ਸੀ ਸੂਟਾ ਲਾ ਕੇ,



Scanned with OKEN Scanner
Scanned with OKEN Scanner

ਹੁਣ ਤਾਂ ਥਾਂ ਥਾਂ ਟੀਕੇ ਲਾ ਕੇ,
ਨਾੜਾਂ ਵਿੰਨ੍ਹੀਆਂ ਬੇ ਸ਼ੁਮਾਰ,
ਤੂੰ ਕਲਮੇਂ

5.

ਕੌਣ ਜੋ ਕਰਦਾ ਇਹ ਵਪਾਰ ?
ਕਿਹੜਾ ਇਸ ਲਈ ਜ਼ਿੰਮੇਵਾਰ ?
ਪੁਲਿਸ, ਸਮਗਲਰ ਤੇ ਸਰਕਾਰ,
ਇਹ ਤਿੰਨੇ ਨੇ ਜ਼ਿੰਮੇਵਾਰ,
ਤੂੰ ਕਲਮੇਂ

6.

ਅਤਿਵਾਦ ਜੇ ਰੁਕ ਸਕਦਾ ਏ,
ਭਰੂਣ-ਹੱਤਿਆ ਰੁਕ ਸਕਦਾ ਏ,
ਤਾਂ ਚਿੱਟਾ ਵੀ ਮੁੱਕ ਸਕਦਾ ਏ,
'ਚਾਹਲ' ਜੇ ਚਾਹੇ ਸਰਕਾਰ,
ਤੂੰ ਕਲਮੇਂ ਸੱਚ ਲਿਖ ਦੇ,
ਇਹ ਕਿਉਂ ਭਾਣਾ ਵਰਤਿਆ ਯਾਰ ?
ਤੂੰ ਕਲਮੇਂ ਸੱਚ ਲਿਖ ਦੇ।



Scanned with OKEN Scanner
Scanned with OKEN Scanner

# 37. ਪਹਿਲਵਾਨ ਧੀਆਂ ਦੇ ਹੱਕ ਵਿੱਚ

ਹਾਅ ਦਾ ਨਾਅਰਾ ਮਾਰ ਵੇ ਲੋਕਾ,
ਧੱਕਾ ਸ਼ਰੇ ਬਜ਼ਾਰ ਵੇ ਲੋਕਾ।
ਧੀਆਂ ਰੋਂਦੀਆਂ ਵੇਖ ਉੱਠ ਕੇ,
ਆਈਆਂ ਤੇਰੇ ਬਾਰ ਵੇ ਲੋਕਾ।

ਜਿੱਤਿਆ ਜਿਹਨਾਂ ਸੋਨਾ ਚਾਂਦੀ,
ਕਰਦੀਆਂ ਹਾਲ ਪੁਕਾਰ ਵੇ ਲੋਕਾ।
ਜੀਹਨੇ ਸਿਰ ਤੇ ਹੱਥ ਸੀ ਰੱਖਣਾ,
ਉਹੀਓ ਕਰੇ ਸ਼ਿਕਾਰ ਵੇ ਲੋਕਾ।

ਮੈਂ ਤਾਂ ਬੱਸ ਹੁਣ ਇਹੋ ਕਹਿਣਾ,
ਮੰਗ ਇਹੋ ਦਰਕਾਰ ਵੇ ਲੋਕਾ।
ਧੀਆਂ ਦੀ ਪੱਤ ਰੋਲਣ ਵਾਲਾ
ਕੀਤਾ ਜਾਏ ਗ੍ਰਿਫਤਾਰ ਵੇ ਲੋਕਾ।

ਹੁਣ ਨਾ ਬੋਲਿਆ, ਕਦ ਬੋਲੇਂਗਾ ?
ਹੱਥ ਅਕਲ ਨੂੰ ਮਾਰ ਵੇ ਲੋਕਾ।
ਜਿਸ ਦੀ ਧੀ ਹੋਵੇ ਦੁਖਿਆਰੀ,
ਉਹ ਕਾਹਦਾ ਸਰਦਾਰ ਵੇ ਲੋਕਾ ?

ਧੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ,
ਸਾਡਾ ਸਭਿਆਚਾਰ ਵੇ ਲੋਕਾ।



Scanned with OKEN Scanner
Scanned with OKEN Scanner

ਵੇਖ ਕੇ ਕਾਹਤੋਂ ਚੁੱਪ ਹੋ ਗਿਉਂ ?
ਉੱਠ ਕੇ ਧਾਈਂ ਮਾਰ ਵੇ ਲੋਕਾ।

ਇਹ ਨਾ ਸਮਝਣ ਅਸੀਂ ਇਕੱਲੀਆਂ,
ਸਿਰ ਤੇ ਦੇਹ ਪਿਆਰ ਵੇ ਲੋਕਾ।
ਤੁਰ ਪਈਆਂ ਭਾਗੋ ਦੀਆਂ ਵਾਰਸ,
ਫੜ ਏਕੇ ਦੀ ਤਲਵਾਰ ਵੇ ਲੋਕਾ।

ਹੱਕ, ਸੱਚ, ਇਨਸਾਫ਼ ਦੀ ਖ਼ਾਤਰ,
ਚਾਹਲ ਤੂੰ ਵੀ ਲੜਨਾ ਸਿੱਖ ਲਾ।
ਅੱਗੇ ਨਹੀਂ ਤਾਂ ਪਿੱਛੇ ਲੱਗ ਜਾ,
ਖੜ ਜਾ ਵਿੱਚ ਕਤਾਰ ਵੇ ਲੋਕਾ।

ਅਣਖ ਇਜ਼ਤ ਨੂੰ ਰੋਲੇ ਜਿਹੜੀ,
ਦੇਵੇ ਨਾ ਇਨਸਾਫ਼ ਕਿਸੇ ਨੂੰ।
ਲੋਕਾਂ ਨੇ ਉਹ ਕੀ ਕਰਨੀ ਆ ?
ਬਦਲੋ ਉਹ ਸਰਕਾਰ ਵੇ ਲੋਕਾ।



Scanned with OKEN Scanner
Scanned with OKEN Scanner

## 38. ਸ੍ਰ. ਮਨਮੋਹਨ ਸਿੰਘ ਬਾਸਰਕੇ ਨੂੰ ਕਾਵਿ ਸ਼ਰਧਾਂਜਲੀ

ਹੁੰਦਾ ਯਾਰਾਂ ਦਾ ਸੈਂ ਯਾਰ ਤੂੰ ਮਨਮੋਹਨ ਸਿੰਹਾਂ।
ਦਿਲੋਂ ਕਰਦਾ ਸੈਂ ਸਤਿਕਾਰ ਤੂੰ ਮਨਮੋਹਨ ਸਿੰਹਾਂ।

ਤੂੰ ਦੁੱਖ ਤਕਲੀਫ਼ਾਂ ਝੱਲ ਸਾਂ ਪਹੁੰਚਾ ਮੰਜ਼ਿਲ ਤੇ।
ਕਦੇ ਕੀਤੀ ਨਾ ਤਕਰਾਰ ਤੂੰ ਮਨਮੋਹਨ ਸਿੰਹਾਂ।

ਕਵਿਤਾ/ਕਹਾਣੀ ਲਿਖ ਤੂੰ ਸੇਵਾ ਕੀਤੀ ਮਾਂ-ਪੰਜਾਬੀ ਦੀ,
ਬਣਿਆ ਮਾਂ ਦਾ ਬਰਖ਼ੁਰਦਾਰ ਤੂੰ ਮਨਮੋਹਨ ਸਿੰਹਾਂ।

ਜਦ ਵੀ ਸਾਹਿਤ ਸਭਾ ਦੀ ਰੌਣਕ ਕਿਧਰੇ ਲਗਦੀ ਸੀ,
ਆ ਜਾਂਦਾ ਸੈਂ ਮੰਜ਼ਲਾਂ ਮਾਰ ਤੂੰ ਮਨਮੋਹਨ ਸਿੰਹਾਂ।

ਸਾਹਿਤ ਸੇਵਾ ਤੋਂ ਕਦੇ ਵੀ ਤੂੰ ਨਾ ਅੱਕਦਾ ਸੈਂ,
ਸੀ ਵਧੀਆ ਸਾਹਿਤਕਾਰ ਤੂੰ ਮਨਮੋਹਨ ਸਿੰਹਾਂ।

ਤੂੰ ਲਿਖੀ ਸੀ ਸਾਡੇ 'ਗੁਆਚੇ ਪਲ਼ਾਂ ਦੀ ਦਾਸਤਾਨ',
'ਬੇਨਾਮ ਰਿਸ਼ਤੇ' ਦੂਜੀ ਵਾਰ ਤੂੰ ਮਨਮੋਹਨ ਸਿੰਹਾਂ।

ਕਈ ਸਰਵੇ ਪੁਸਤਕਾਂ ਲਿਖੀਆਂ ਪਿੰਡਾਂ ਬਾਰੇ ਤੂੰ,
ਬਾਲ-ਕਵਿਤਾਵਾਂ ਬੇ-ਸ਼ੁਮਾਰ ਤੂੰ ਮਨਮੋਹਨ ਸਿੰਹਾਂ।

ਅਟਾਰੀ, ਛੇਹਰਟਾ ਤੇ ਰਮਦਾਸ, ਨੂਰਦੀ ਛਾਣ ਮਾਰੇ,
ਲੱਭੇ ਹੀਰੇ ਮੋਤੀ ਯਾਰ, ਤੂੰ ਮਨਮੋਹਣ ਸਿੰਹਾਂ।

'ਮੁੱਠੀ ਚੋਂ ਕਿਰਦੀ ਰੇਤ' ਵਾਂਗ ਤੂੰ ਨਿਕਲ ਗਿਆ,
'ਚਾਹਲ' ਤੋੜ ਗਿਓਂ ਇਕਰਾਰ, ਤੂੰ ਮਨਮੋਹਣ ਸਿੰਹਾਂ।



Scanned with OKEN Scanner
Scanned with OKEN Scanner

# 39. ਕਵੀ ਜਸਵਿੰਦਰ ਸਿੰਘ ਢਿੱਲੋਂ – ਮੇਰੀ ਨਜ਼ਰ ਵਿੱਚ

**(ਪ੍ਰਧਾਨ, ਪੰਜਾਬੀ ਸਾਹਿਤ ਤੇ ਸਭਿਆਚਾਰ ਕੇਂਦਰ ਤਰਨ–ਤਾਰਨ)**

1. ਹੋਣਹਾਰ ਕਵੀ ਜਸਵਿੰਦਰ ਸਿੰਘ ਢਿੱਲੋਂ,
ਪੰਜਾਬੀ ਸਾਹਿਤ ਸਭਾ ਦਾ ਪ੍ਰਧਾਨ ਵੀਰੋ।
ਦੂਰ ਦੂਰ ਤੱਕ ਜਾਣ ਪਛਾਣ ਓਹਦੀ,
ਹਰ ਇਕ ਦਾ ਉਹ ਕਰੇ ਸਨਮਾਨ ਵੀਰੋ।
ਗੁਰਮੁਖ ਆਦਮੀ ਗੁਰੂ ਦਾ ਸਿੱਖ ਪੂਰਾ,
ਰੱਖੇ ਸਿੱਖੀ ਦਾ ਉਹ ਡੂੰਘਾ ਗਿਆਨ ਵੀਰੋ।
ਮਿੱਠਾ ਬੋਲਦਾ, ਦੁਖੀ ਦੀ ਮਦਦ ਕਰਦਾ,
ਧਰਮ–ਕਰਮ ਦਾ ਉਹ ਰੱਖੇ ਧਿਆਨ ਵੀਰੋ।

2. ਡਾਕਟਰ ਸੰਧੂ ਦਾ ਪਹਿਲਾਂ ਬਣ ਚੇਲਾ,
ਸੇਵਾ ਰੋਗੀਆਂ ਦੀ ਕੀਤੀ ਅਥਾਹ ਯਾਰੋ।
ਨਗਰ ਕੌਂਸਲ ਵਿੱਚ ਜਾ ਕਲਰਕ ਲੱਗਾ,
ਜਦੋਂ ਲੱਗਿਆ ਉਸ ਦਾ ਦਾਅ ਯਾਰੋ।
ਓਹਨੇ ਡਿਊਟੀ ਦੇ ਨਾਲ ਵਫ਼ਾ ਕੀਤੀ,
ਹਰ ਇੱਕ ਨੂੰ ਗਲੇ ਲਗਾ ਯਾਰੋ।
ਨਹੀਂ ਹਰਾਮ ਦੇ ਪੈਸੇ ਨੂੰ ਹੱਥ ਲਾਇਆ,
ਰੋਟੀ ਹੱਕ ਦੀ ਖਾਧੀ ਕਮਾ ਯਾਰੋ।



Scanned with OKEN Scanner
Scanned with OKEN Scanner

3. ਨਗਰ ਕੌਂਸਲ ਦੀ ਕਰ ਬੇਦਾਗ਼ ਸੇਵਾ,
ਸੇਵਾ ਮੁਕਤ ਜਦੋਂ ਹੋ ਗਿਆ ਢਿੱਲੋਂ।
ਪੰਜਾਬੀ ਸਾਹਿਤ ਤੇ ਸਭਿਆਚਾਰ ਕੇਂਦਰ,
ਤਰਨਤਾਰਨ ਨੂੰ ਦਿੱਤਾ ਗਰਮਾ ਢਿੱਲੋਂ।
ਡਾਹਢਾ ਕਵੀ ਉਹ ਸਿਰੇ ਦੀ ਲਿਖੇ ਕਵਿਤਾ,
ਦਿੱਤਾ ਕਵਿਤਾ ਨੂੰ ਰਾਹੇ ਪਾ ਢਿੱਲੋਂ।
ਤੁਰੇ ਜਾਂਦਿਆਂ ਹੀ ਉਹਨੂੰ ਫੁਰੇ ਕਵਿਤਾ,
ਲਿਖੇ ਸੋਚ ਕੇ ਵੱਢੇ ਨਾ ਫਾਹ ਢਿੱਲੋਂ।

4. ਖੁੱਲ੍ਹੇ ਸੁਭਾਅ ਦਾ, ਖੁੱਲ੍ਹੀ ਨਾ ਲਿਖੇ ਕਵਿਤਾ,
ਪਿੰਗਲ ਛੰਦ ਦਾ ਰੱਖੇ ਗਿਆਨ ਸਾਥੀ।
ਲਿਖੇ ਕੋਰੜਾ ਛੰਦ ਤੇ ਡਿਓਢ ਸੁਹਣਾ,
ਬੈਂਤ ਰਾਹੀਂ ਵੀ ਕਰੇ ਬਿਆਨ ਸਾਥੀ।
ਹੋਵੇ ਕਬਿੱਤ, ਸਵੱਈਆ ਜਾਂ ਕਲੀ ਲਿਖਣੀ,
ਲਿਖਦਾ ਨਾਲ ਹੈ ਪੂਰੇ ਧਿਆਨ ਸਾਥੀ।
ਮਾਣੋਚਾਹਲੀਆ ਕਰੇ ਅਰਦਾਸ ਸਾਂਈਆਂ,
ਸਦਾ ਸੁਖੀ ਵੱਸੇ ਇਹ ਇਨਸਾਨ ਸਾਥੀ।

5. ਕਦੇ ਸਾਹਿਤ ਸਭਾ ਦੀ ਕਰੇ ਮੀਟਿੰਗ,
ਕਦੇ ਫ਼ੋਨ ਤੇ ਹੀ ਉਹ ਕਵੀ-ਦਰਬਾਰ ਕਰਦਾ।
ਘਰੇ ਬੈਠਿਆਂ ਨੂੰ ਫ਼ੋਨ ਤੇ ਜੋੜ ਲੈਂਦਾ,
ਮਾਂ-ਬੋਲੀ ਨੂੰ ਉਹ ਏਨਾ ਪਿਆਰ ਕਰਦਾ।
ਕਦੇ ਸੱਦ ਕੇ ਸਾਹਿਤ-ਪ੍ਰੇਮੀਆਂ ਨੂੰ,
ਸਾਹਿਤਕਾਰਾਂ ਦਾ ਮਾਣ-ਸਤਿਕਾਰ ਕਰਦਾ।
ਐਸੇ ਸਾਥੀ ਦਾ 'ਚਾਹਲਾ' ਮੁੱਲ ਕੋਈ ਨਹੀਂ,
ਜਿਹੜਾ ਸ਼ਬਦ ਦਾ ਵਣਜ-ਵਪਾਰ ਕਰਦਾ।



Scanned with OKEN Scanner
Scanned with OKEN Scanner

# 40. ਤੂੰ ਕਾਹਦਾ ਕਵੀ ਹੈਂ ?

ਦਿੱਲੀ ਗੁਜਰਾਤ ਰੋਇਆ, ਜਾਨਵਰਾਂ ਇਨਸਾਨ ਕੋਹਿਆ।
ਚੌਂਕਾਂ ਤੇ ਚੁਰਾਹਿਆਂ ਵਿਚ, ਮਨੁੱਖਤਾ ਦਾ ਖ਼ੂਨ ਹੋਇਆ।
ਸੜਕਾਂ ਤੇ ਮੌਤ ਨੱਚੀ, ਪੀੜ ਤੇਰੇ ਹੋਈ ਨਹੀਂ।
ਤੂੰ ਕਾਹਦਾ ਕਵੀ ਹੈਂ ਜੇ ਕਲ਼ਮ ਤੇਰੀ ਰੋਈ ਨਹੀਂ ?

ਘਰ-ਘਾਟ ਉਜਾੜ ਸੁੱਟੇ, ਲੁੱਟ-ਪੁੱਟ ਸਾੜ ਸੁੱਟੇ।
ਬੋਲਣ ਤੋਂ ਪਹਿਲਾਂ ਕੁਝ, ਜ਼ਾਲਮਾਂ ਸਿਰ ਪਾੜ ਸੁੱਟੇ।
ਬਹੁਤ ਸਾਰੇ ਮਾਰ ਸੁੱਟੇ, ਬਚਾਉਣ ਵਾਲ਼ਾ ਕੋਈ ਨਹੀਂ।
ਤੂੰ ਕਾਹਦਾ ਕਵੀ ਹੈਂ ਜੇ ਕਲ਼ਮ ਤੇਰੀ ਰੋਈ ਨਹੀਂ ?

ਗਲ਼ਾਂ ਵਿਚ ਟੈਰ ਪਾ ਕੇ, ਉੱਤੇ ਪੈਟਰੋਲ ਪਾ ਕੇ।
ਵੇਖਿਆ ਨਹੀਂ ਬੱਚਾ-ਬੁੱਢਾ, ਸਾੜ ਦਿੱਤੇ ਅੱਗ ਲਾ ਕੇ।
ਬਚੀ ਨਾ ਕੋਈ ਧੀ ਭੈਣ, ਇਜ਼ਤ ਜੀਹਦੀ ਖੋਈ ਨਹੀਂ।
ਤੂੰ ਕਾਹਦਾ ਕਵੀ ਹੈਂ.............

ਬਦਲੇ ਦੀ ਅੱਗ ਸੀ ਇਹ, ਕਹਿਰ ਕੋਈ ਅਲੱਗ ਸੀ ਇਹ।
ਤਾਨਾਸ਼ਾਹ ਦੇ ਖ਼ਾਤਮੇ ਤੇ ਪਾਗ਼ਲ ਹੋਇਆ ਵੱਗ ਸੀ ਇਹ।
ਚੜ੍ਹ ਗਏ ਜੋ ਭੇਟ 'ਚਾਹਲ', ਉਹ ਦੇਸ਼-ਧ੍ਰੋਹੀ ਨਹੀਂ।
ਤੂੰ ਕਾਹਦਾ ਕਵੀ ਹੈਂ ਜੇ ਕਲ਼ਮ ਤੇਰੀ ਰੋਈ ਨਹੀਂ ?



Scanned with OKEN Scanner
Scanned with OKEN Scanner

# 41. ਨਵਜੰਮੀ ਧੀ ਦੀ ਪੁਕਾਰ

1.
ਮਾਂਏਂ ਨੀ ਕਿਉਂ ਛਾਈ ਉਦਾਸੀ, ਕਿਉਂ ਜਾਵੇਂ ਕੁਮਲਾਈ ?
ਚਿਹਰੇ ਤੇ ਨਹੀਂ ਰੌਣਕ ਤੇਰੇ, ਮੈਂ ਜਦੋਂ ਦੀ ਆਈ।
ਕਿਵੇਂ ਹੌਂਸਲਾ ਦੇਵਾਂ ਤੈਨੂੰ, ਅਜੇ ਬੋਲ ਮੈਂ ਸਕਦੀ ਨਾ।
ਵੀਰ ਹੁੰਦਾ ਤਾਂ ਤੂੰ ਵਧਾਈਆਂ ਲੈਂਦੀ ਥੱਕਦੀ ਨਾ।

2.
ਇਕ ਪਹਿਲਾਂ ਸੀ ਵੇਖ ਕੇ ਦੂਜੀ, ਤੂੰ ਡਾਢੀ ਘਬਰਾਈ।
ਇਹ ਕਾਦਰ ਦੀ ਕੁਦਰਤ ਅੰਮੀਏਂ, ਦੋਸ਼ ਨਾ ਤੇਰਾ ਕਾਈ।
ਦਾਦੀ ਵੀ ਮੂੰਹ ਵੱਟ ਕੇ ਬੈਠੀ, ਮੇਰੇ ਵੱਲ ਕਿਉਂ ਤੱਕਦੀ ਨਾ।
ਵੀਰ ਹੁੰਦਾ ਤਾਂ ਤੂੰ ਵਧਾਈਆਂ.........

3.
ਪਹਿਲਾ ਹੱਕ ਮੇਰਾ ਤੁਸੀਂ ਦਬਾਇਆ, ਵੇਖ ਕੇ ਮੂੰਹ ਲਮਕਾਇਆ।
ਲੱਡੂ ਤਾਂ ਕੀ ਵੰਡਣੇ ਸੀ, ਕੋਈ ਖ਼ੁਸ਼ ਨਹੀਂ ਚਾਚਾ ਤਾਇਆ।
ਜੇ ਮੇਰੇ ਕੁਝ ਵੱਸ ਹੁੰਦਾ ਤਾ ਮੈਂ ਵੀ ਏਧਰ ਤੱਕਦੀ ਨਾ।
ਵੀਰ ਹੁੰਦਾ ਤਾਂ ਤੂੰ...........

4.
ਦਿਲ ਥੋੜ੍ਹਾ ਤੂੰ ਕਰ ਨਾ ਅੰਮੀਏਂ ਨਾਂ ਚਮਕਾਊਂ ਤੇਰਾ।
ਖ਼ੁਸ਼ ਹੋ ਜਾਊ ਵੇਖ ਡਿਗਰੀਆਂ ਚੁੱਪ ਜੋ ਡੈਡੀ ਮੇਰਾ।
ਕਦੇ ਨਾ ਕੋਈ ਮਿਲੂ ਉਲਾਹਮਾ, ਮੈਂ ਕਹਿਣੋਂ ਝਕਦੀ ਨਾ।
ਵੀਰ ਹੁੰਦਾ ਤਾਂ ਤੂੰ...........

5.
ਧੀ ਨੂੰ ਪੁੱਤ ਬਰਾਬਰ ਸਮਝੋ ਦੋਹਾਂ ਦਾ ਭਵਿੱਖ ਸਵਾਰੋ।



Scanned with OKEN Scanner
Scanned with OKEN Scanner

ਦਾਜ ਦੀ ਥਾਂ ਤੇ ਵਿਦਿਆ ਮੰਗੋ ਹੱਥ ਅਕਲ ਨੂੰ ਮਾਰੋ।
ਧੀ ਤੋਰਨ ਲਈ ਪਿਓ ਨੂੰ ਚਿੰਤਾ ਰਹੇ ਕਦੇ ਨੱਕ ਦੀ ਨਾ।
ਵੀਰ ਹੁੰਦਾ ਤਾਂ ਤੂੰ.........

6.

ਹਰ ਖੇਤਰ ਵਿਚ ਕੁੜੀਆਂ ਹੁਣ ਤਾਂ ਰੋਹਬ ਜਮਾਉਂਦੀਆਂ ਨੇ।
ਕਲਪਨਾ ਚਾਵਲਾ ਬਣ ਕੇ ਅੰਬਰੀਂ ਉਡਾਰੀਆਂ ਲਾਉਂਦੀਆਂ ਨੇ।
ਧੀਆਂ ਦੇ ਬਿਨ 'ਚਾਹਲ' ਰਹਿਣੀ ਕਦੇ ਜਿੰਦ ਧੜਕਦੀ ਨਾ।
ਵੀਰ ਹੁੰਦਾ ਤਾਂ ਤੂੰ ਵਧਾਈਆਂ ਲੈਂਦੀ ਥੱਕਦੀ ਨਾ,
ਨੀ ਅੰਮੀਏਂ ਲੈਂਦੀ ਥੱਕਦੀ ਨਾ।



Scanned with OKEN Scanner
Scanned with OKEN Scanner

## 42. ਜੰਗ ਤਕੜੇ-ਮਾੜੇ ਦੀ

ਸਦੀਆਂ ਤੋਂ ਚੱਲ ਰਹੀ, ਲੋਕਾਂ ਤੇ ਜੋਕਾਂ ਦੀ,
ਕੰਮੀਆਂ ਤੇ ਚੋਰਾਂ ਦੀ, ਮਹਿਲਾਂ ਤੇ ਢੋਕਾਂ ਦੀ।

ਇਹ ਜੰਗ ਨਿਆਂ ਦੀ ਏ, ਤਕੜੇ ਤੇ ਮਾੜੇ ਦੀ ।
ਰਾਜਿਆਂ ਤੇ ਰੰਕਾਂ ਵਿੱਚ, ਹੈ ਵੱਧਦੇ ਹੋਏ ਪਾੜੇ ਦੀ।

ਕਿਤੇ ਜ਼ਿੰਦਗੀ ਮਾੜਿਆਂ ਦੀ, ਮੌਤੋਂ ਵੀ ਮਾੜੀ ਏ ।
ਨਾ ਪੇਟ 'ਚ ਰੋਟੀ ਏ, ਨਾ ਤਨ ਤੇ ਸਾੜ੍ਹੀ ਏ ।

ਸਾਰਾ ਦਿਨ ਕੰਮ ਕਰਕੇ, ਅੱਧ-ਭੁੱਖੇ ਰਹਿੰਦੇ ਕਈ।
'ਕਿਸਮਤ 'ਚ ਲਿਖਿਆ ਏ', ਕਾਮੇ ਨੂੰ ਕਹਿੰਦੇ ਕਈ ।

ਸਿਰ ਛੱਤ ਨਾ ਕਾਨਿਆਂ ਦੀ, ਜੋ ਮਿਹਨਤ ਕਰਦੇ ਨੇ।
ਮਹਿਲਾਂ ਵਿੱਚ ਵੱਸਦੇ ਨੇ, ਜੋ ਲੁੱਟ-ਖੋਹ ਕਰਦੇ ਨੇ ।

ਹਨ ਕਿਰਤੀ ਕਾਮਿਆਂ ਦੇ ਪੁੱਤ ਮੇਰੇ ਵਰਗੇ ਕਈ।
ਅਨਪੜ੍ਹ ਹੀ ਜੀਉਂਦੇ ਨੇ, ਅਨਪੜ੍ਹ ਹੀ ਮਰਦੇ ਨੇ ।

ਕਾਮੇ ਦੇ ਚੱਲ੍ਹੇ ਵਿੱਚ, ਬੱਸ ਮੁੜ੍ਹਕਾ ਬਲਦਾ ਏ ।
ਸ਼ਾਹਾਂ ਦੇ ਮਹਿਲਾਂ 'ਚ, ਨਿੱਤ ਮੁਰਗਾ ਢਲ਼ਦਾ ਏ ।

ਇਹ ਬੇ-ਇਨਸਾਫ਼ੀ ਤੱਕ, ਨਾ ਜਰਿਆ ਜਾਂਦਾ ਏ।
ਭਾਗਾਂ ਦੀ ਤੱਕੜੀ ਵਿੱਚ, ਬੱਸ ਧਰਿਆ ਜਾਂਦਾ ਏ ।

ਜਦ ਸੁਣੀ ਸਿਆਣੇ ਦੀ, ਨਹੀਂ ਗੱਲ ਇਹ ਭਾਗਾਂ ਦੀ,
ਇਹ ਚੁਸਤ-ਚਲਾਕੀ ਏ, ਮਹਿਲਾਂ ਦੇ ਨਾਗਾਂ ਦੀ।



Scanned with OKEN Scanner
Scanned with OKEN Scanner

ਇਹ ਲੁੱਟ ਹੈ ਬੰਦੇ ਦੀ, ਤੇ ਬੰਦਾ ਕਰਦਾ ਏ।
ਪਾਪਾਂ ਬਿਨ ਹੋਵੇ ਨਾ, 'ਕੱਠੀ ਜੋ ਕਰਦਾ ਏ।

ਸਭ ਉੱਚੇ-ਨੀਵੇਂ ਨੂੰ, ਜੇ ਪੱਧਰ ਕਰਨਾ ਏ,
ਤਾਂ ਏਕਾ ਕਰਨਾ ਪਊ, ਤੇ ਪੈਣਾ ਲੜਨਾ ਏ।

ਮੰਨ ਗੱਲ ਸਿਆਣੇ ਦੀ, ਮੰਜ਼ਿਲ ਵੱਲ ਤੁਰ ਪਏ ਕਈ।
ਸਿਰ ਕਫ਼ਨ ਬੰਨ੍ਹਣ ਲਈ, ਸੰਗਠਨ ਨਾ ਜੁੜ ਗਏ ਕਈ।

ਮੰਜ਼ਿਲ ਵੱਲ ਵੱਧਦੇ ਪਏ, ਅਜੇ ਜੰਗ ਵੀ ਜਾਰੀ ਏ।
ਪਰ ਵੰਡੀ ਫੌਜ ਦਿਸੇ, ਤੇੜਾਂ ਦੀ ਮਾਰੀ ਏ।

ਲੜਨਾ ਸੀ ਦੁਸ਼ਮਣ ਨਾ, ਆਪੋ ਵਿੱਚ ਲੜਦੇ ਕਈ।
ਵਧੀ ਭੁੱਖ ਲੀਡਰੀ ਦੀ, ਚੌਧਰ ਲਈ ਮਰਦੇ ਕਈ।

ਕੁਝ ਧੜੇ ਪਾਲਦੇ ਨੇ, ਬਹਿ ਉੱਚੇ ਅਹੁਦਿਆਂ ਤੇ।
ਤੇ ਪੋਚਾ ਮਾਰ ਰਹੇ, ਕੀਤੇ ਹੋਏ ਵਾਅਦਿਆਂ ਤੇ।

ਕੁਝ ਵੇਖ ਨਿਰਾਸ਼ ਹੋਏ, ਡੁੱਬੇ ਵਿੱਚ ਫ਼ਿਕਰਾਂ ਦੇ।
ਇਉਂ ਵਧਣੀ ਲਹਿਰ ਨਹੀਂ, ਨਾ ਜਾਣੀ ਸਿਖ਼ਰਾਂ ਤੇ।

ਹੁਣ ਪਿੱਛੇ ਮੁੜਨਾ ਵੀ, ਮਰਦਾਂ ਦਾ ਕੰਮ ਨਹੀਂ।
ਸੋਚਾਂ ਵਿੱਚ ਕੀ ਪੈਣਾ, ਇਹ ਵਿਕਣਾ ਚੰਮ ਨਹੀਂ।

ਇਹ ਕਾਂਗਿਆਰੀਆਂ ਨੇ, ਜੋ ਵਿੱਚ ਕਮਾਦਾਂ ਦੇ,
ਇਹਨਾਂ ਨੂੰ ਵੱਢੇ ਬਿਨ, ਨਾ ਫ਼ਾਇਦੇ ਖ਼ਾਦਾਂ ਦੇ।

ਜੰਗ ਆਪਣੇ ਹਿੱਸੇ ਦੀ, ਲੋਕਾਂ ਤੇ ਜੋਕਾਂ ਦੀ,
ਤੂੰ 'ਚਾਹਲ' ਲੜਦਾ ਰਹਿ, ਜਿੱਤ ਹੋਣੀ ਲੋਕਾਂ ਦੀ।



Scanned with OKEN Scanner
Scanned with OKEN Scanner

# 43. ਬਾਬਾ ਨਾਨਕਾ ਤੇਰੇ ਅਵਤਾਰ-ਦਿਨ ਤੇ

ਬਾਬਾ ਨਾਨਕਾ ਤੇਰੇ ਅਵਤਾਰ ਦਿਨ ਤੇ, ਕਰਾਂ ਯਾਦ ਫਿਰ ਕਿਧਰੇ ਆ ਬਾਬਾ।
ਵੇਖ ਆ ਕੇ ਵਹਿਮਾਂ 'ਚ ਪਈ ਦੁਨੀਆ, ਗਿਆ ਕੂੜ-ਹਨੇਰਾ ਫਿਰ ਛਾ ਬਾਬਾ।
ਬਾਣੀ ਪੜ੍ਹਦੇ ਤੇ ਮੱਥਾ ਵੀ ਟੇਕਦੇ ਹਾਂ, ਐਪਰ ਮਨ ਨੂੰ ਨਹੀਂ ਟਿਕਾਅ ਬਾਬਾ।
ਬੇਈਮਾਨੀ ਤੇ ਝੂਠ ਦਾ ਬੋਲ-ਬਾਲਾ ਸਾਡਾ ਬਦਲਿਆ ਨਹੀਂ ਸੁਭਾਅ ਬਾਬਾ।
ਤੂੰ ਤਾਂ ਰਾਹ ਦਿਖਾਉਣ ਲਈ ਸੱਚ ਵਾਲਾ, ਸਾਰਾ ਦੇਸ਼-ਵਿਦੇਸ਼ ਸੀ ਗਾਹ ਦਿੱਤਾ।
ਵਲ਼ ਕੱਢ ਕੇ ਵਲੀ ਕੰਧਾਰੀਆਂ ਦੇ, ਸੱਜਣ ਠੱਗਾਂ ਨੂੰ 'ਸੱਜਣ' ਬਣਾ ਦਿੱਤਾ।
ਨਾਮ ਜਪਣ ਨਾਲ ਦੱਸਿਆ ਕਿਰਤ ਕਰਨਾ, ਵੰਡ ਛਕਣ ਦਾ ਹੁਕਮ ਸੁਣਾ ਦਿੱਤਾ।
ਕਾਮ, ਕ੍ਰੋਧ, ਹੰਕਾਰ ਤੇ ਪਾ ਕਾਬੂ, ਮੋਹ ਮਾਇਆ ਤੋਂ ਬਚਣ ਦਾ ਰਾਹ ਦਿੱਤਾ।
ਰਾਜੇ ਪਾਪ ਕਮਾਂਵਦੇ ਵੇਖ ਬਾਬਾ, ਉਲ਼ਟੀ ਵਾੜ ਬਣ ਖੇਤ ਨੂੰ ਖਾਈ ਜਾਂਦੇ।
ਨਸ਼ੇ ਵੰਡਦੇ, ਕਿਰਤ ਦੀ ਲੁੱਟ ਕਰਦੇ, ਰੇਤਾ-ਬੱਜਰੀ ਸਭ ਕੁਝ ਖਾਈ ਜਾਂਦੇ।
ਵਾਰਸ ਲਾਲੋ ਦੇ ਮਾਰਦੇ ਫਿਰਨ ਤਰਲੇ, ਉਹ ਤਾਂ ਭਾਗੋ ਨੂੰ ਘਰ ਲੁਟਾਈ ਜਾਂਦੇ।
ਰਾਜੇ ਸ਼ੀਂਹ, ਮੁਕੱਦਮ ਸਭ ਹੋਏ ਕੁੱਤੇ, ਅੰਨ੍ਹੀ ਪੀਂਹਦੀ ਤੇ ਕੁੱਤੇ ਨੇ ਖਾਈ ਜਾਂਦੇ।
ਤੂੰ ਤਾਂ ਹਿੱਕ ਨਾ ਲਾਇਆ ਮਰਦਾਨਿਆਂ ਨੂੰ, ਇੱਥੇ ਉਹਨਾਂ ਦੀ 'ਵਾਜ ਦਬਾਈ ਬਾਬਾ।
ਤੂੰ ਤਾਂ ਗੱਲ ਮੁਕਾਈ ਨਾ ਆਪਣੇ ਤੇ, ਪਿੱਛੋਂ ਸਿੱਖੀ ਦੀ ਲੀਹ ਚਲਾਈ ਬਾਬਾ।
ਊਚ-ਨੀਚ ਤੇ ਦੂਈ-ਦਵੈਤ ਵਾਲੀ, ਤੇਰੀ ਸਿੱਖਿਆ ਸਾਨੂੰ ਨਾ ਭਾਈ ਬਾਬਾ।
ਬਣੇ ਸੰਧੂ, ਬਰਾੜ ਤੇ ਗਿੱਲ, ਚਾਹਲ, ਭੁੱਲੇ ਜੈਤੇ ਦੀ ਅਸੀਂ ਕਮਾਈ ਬਾਬਾ।



Scanned with OKEN Scanner
Scanned with OKEN Scanner

## 44. ਬਦਲ ਗਿਆ ਮੇਰੇ ਪਿੰਡ ਦਾ ਨਕਸ਼ਾ

ਬਦਲ ਗਿਆ ਹੈ ਪਿੰਡ ਦਾ ਨਕਸ਼ਾ, ਬਦਲਿਆ ਸਭਿਆਚਾਰ।
ਬਦਲ ਗਏ ਸਭ ਢੰਗ- ਤਰੀਕੇ ਬਦਲਿਆ ਸਭ ਸੰਸਾਰ।

ਹੁਣ ਪਾਂਧੀ ਨਾ ਤੁਰਨ ਸਵੱਖ਼ਤੇ, ਖੇਤਾਂ ਵਿੱਚ ਨਾ ਹਾਲ਼ੀ।
ਨਾ ਕੋਈ ਜਾਵੇ ਭੱਤਾ ਲੈ ਕੇ, ਜੱਟੀ ਰੂਪ ਸੰਭਾਲੀ।

ਨਾ ਕੋਈ ਰਿੜਕੇ ਦੁੱਧ ਸਵਾਣੀ, ਉੱਠ ਕੇ ਅੰਮ੍ਰਿਤ ਵੇਲੇ।
ਹੁਣ ਨਾ ਰਹੀ ਚਾਟੀ ਦੀ ਲੱਸੀ, ਨਾ ਉਹ ਮੱਖਣ-ਪੇੜੇ।

ਨਾ ਮੱਕੀ ਦੀ ਰੋਟੀ ਤੇ ਕੋਈ, ਸਾਗ ਸਰ੍ਹੋਂ ਦਾ ਪਾਵੇ।
ਪਾ ਮੱਖਣ ਦਾ ਢੇਲਾ ਕੋਈ, ਬਹਿ ਚੌਂਕੇ ਵਿੱਚ ਖਾਵੇ।

ਕੜਿਆਂ ਵਾਲੇ ਗਲਾਸ ਰਹੇ ਨਾ, ਨਾ ਰਹੇ ਕੈਂਹ ਦੇ ਛੰਨੇ।
ਨਾ ਕੋਈ ਮੋਢੇ ਡਾਂਗ ਰੱਖ ਕੇ, ਫਿਰਦਾ ਖੇਤਾਂ ਬੰਨੇ।

ਗੰਨਾ ਚੂਪਣ ਨੂੰ ਨਾ ਲੱਭੇ, ਗੁੜ ਕਿੱਥੋਂ ਹੱਥ ਆਣਾ?
ਗੰਡ ਦੁਆਲੇ ਬਹਿ ਕੇ ਤੱਤਾ-ਤੱਤਾ ਕਿੱਥੋਂ ਖਾਣਾ?

ਖੂਹਾਂ ਦੀ ਥਾਂ ਮੋਟਰਾਂ ਲਾ ਕੇ, ਪਾਣੀ ਲਿਆ ਨਿਚੋੜ।
ਮੱਕੀ ਦੀ ਥਾਂ ਝੋਨੇ ਲੈ ਲਈ, ਹਰ ਤੀਜੇ ਕਿੱਲੇ ਬੋਰ।

ਨਾ ਮੱਕੀ ਦੀਆਂ ਛੱਲੀਆਂ ਲੱਭਣ, ਨਾ ਤੇਜੋ ਦੀ ਭੱਠੀ।
ਨਾ ਉਹ ਖਿੜਨ ਕਪਾਹਾਂ ਇੱਥੇ, ਨਾ ਗੱਜਣ ਦੀ ਹੱਟੀ।



Scanned with OKEN Scanner
Scanned with OKEN Scanner

ਨਾ ਕੋਈ ਨੇਂਘੋਂ ਛੱਲੀਆਂ ਕੱਢਕੇ, ਕਹੇ ਤੇਜੋ ਨੂੰ ਤਾਈ।
ਛੇਤੀ ਦਾਣੇ ਭੁੰਨ ਵਟਾ ਕੇ, ਦੇਰ ਤੂੰ ਕਾਹਤੋਂ ਲਾਈ ?

ਨਾ ਕੋਈ ਕੱਢਕੇ ਰੁੱਗ ਕਪਾਹ ਦਾ, ਜੇਬੋਂ ਤੱਕੜੀ ਪਾਵੇ।
ਨਾ ਕੋਈ ਗੱਚਕ ਜਾਂ ਮੁਰਮੁਰਾ, ਲੈ ਗੱਜਣ ਤੋਂ ਖਾਵੇ ।

ਪਿੱਪਲ ਬੋਹੜ ਰਹੇ ਨਾ, ਕੁੜੀਆਂ ਪੀਂਘਾਂ ਕਿੱਥੇ ਪਾਵਣ ?
ਸ਼ਾਮਲਾਟਾਂ ਤੇ ਹੋ ਗਏ ਕਬਜ਼ੇ, ਤੀਆਂ ਕਿੱਥੇ ਲਾਵਣ ?

ਖਾਣ-ਪੀਣ ਦੇ ਸ਼ੌਂਕ ਨਾ ਰਹਿ ਗੇ, ਨਾ ਕੌਡੀ, ਨਾ ਕੁਸ਼ਤੀ ।
ਨਾ ਕੋਈ ਰਿਹਾ ਕੰਮ ਜ਼ੋਰ ਦਾ, ਨਾ ਉਹ ਰਹਿ ਗੀ ਚੁਸਤੀ।

ਨਾ ਕੋਈ ਬਾਰਾਂ-ਟਾਂਕੂ ਖੇਡੇ, ਨਾ ਕੋਈ ਜੰਡ-ਬ੍ਰਾਹਮਣ।
ਨਾ ਕੋਈ ਪੂਣ-ਸਲਾਈ ਖੇਡੇ, ਵਿੱਚ ਚੰਨ ਦੇ ਚਾਨਣ।

ਨਾ ਕੋਈ ਖਿੱਦੋ-ਖੂੰਡੀ ਖੇਡੇ, ਨਾ ਗੁੱਲੀ-ਡੰਡਾ ਕੋਈ।
ਖੇਡਾਂ ਖੇਡਣ ਵਾਲੀ ਯਾਰੋ, ਰੀਝ ਚਿਰੋਕੀ ਮੋਈ ।

ਮਰਲਾ ਰਹੀ ਜ਼ਮੀਨ ਨਾ ਖਾਲੀ, ਕਿੱਥੇ ਵੱਗ ਨੂੰ ਚਾਰਨ।
ਤਾਸ਼ ਨਾ ਖੇਡੇ ਸੱਥ 'ਚ ਕੋਈ, ਨਾ ਜਿੱਤਣ, ਨਾ ਹਾਰਨ ।

ਨਾ ਘੜਾ, ਨਾ ਤੌੜੀ ਵਿਕਦੀ, ਛੱਡ ਗਏ ਕੰਮ ਘੁਮਿਆਰ ।
ਨਾ ਹਲ਼, ਕਹੀ, ਨਾ ਰੰਬਾ ਚੰਡੇ, ਪਿੰਡ ਵਿੱਚ ਕੋਈ ਲੁਹਾਰ।

ਨਹੁੰ ਕੱਟਣ ਘਰ ਆਏ ਨਾ ਰਾਜਾ, ਨਾ ਕੋਈ ਪਾਣੀ ਭਰਦਾ।
ਦਰੀਆਂ ਖੇਸ ਬਣਨਗੇ ਕਾਹਦੇ ਤੂੰ ਨਾ ਰਹਿ ਗਿਆ ਘਰਦਾ ?



Scanned with OKEN Scanner
Scanned with OKEN Scanner

ਨਾ ਕੋਈ ਕੱਤੇ ਚਰਖ਼ਾ ਇੱਥੇ, ਨਾ ਕੋਈ ਕੱਢੇ ਕਸ਼ੀਦਾ ।
ਮਿਲ-ਬੈਠਣ ਦਾ ਗਿਆ ਸਲੀਕਾ, ਫ਼ਰਕ ਨਹੀਂ ਪੁੱਤ ਧੀ ਦਾ।

ਹੁਣ ਨਾ ਮੇਲ਼ ਚਾਰ ਦਿਨ ਰਹਿੰਦਾ, ਸੁੰਗੜ ਗਏ ਵਿਆਹ।
ਸਹਿਮੇ ਸੁਹਾਗ ਘੋੜੀਆਂ ਫਿਰਦੇ, ਉੱਚੀ ਲੈਣ ਨਾ ਸਾਹ ।

ਨਾ ਉਹ ਭੰਗੜਾ-ਗਿੱਧਾ ਰਹਿ ਗਿਆ, ਨਾ ਗੱਭਰੂ ਮੁਟਿਆਰਾਂ।
ਪੱਟਾਂ ਦੇ ਵਿੱਚ ਜ਼ੋਰ ਜਿੰਨ੍ਹਾਂ ਦੇ, ਨੱਚ ਨੱਚ ਪਾਉਣ ਧਮਾਲਾਂ ।

ਐਸੀ ਪਈ ਕੋਈ ਮਾਰ ਸਮੇਂ ਦੀ, ਬਦਲ ਗਈ ਨੁਹਾਰ ।
ਦੁੱਧ-ਘਿਉ ਦੀ ਥਾਂ ਤੇ ਹੋ ਗਈ ਨਸ਼ਿਆਂ ਦੀ ਭਰਮਾਰ ।

ਪਹਿਲਾਂ ਜਿਹੀ ਨਾ ਰਹੀ ਸਾਦਗੀ, ਵੱਧ ਗਏ ਖ਼ਰਚ ਬਥੇਰੇ।
ਮੋਟਰ-ਸਾਈਕਲਾਂ ਉੱਤੇ ਗੱਭਰੂ, ਲਾਉਣ ਪਿੰਡ ਦੇ ਗੇੜੇ।

ਬਦਲ ਗਿਆ ਪੰਜਾਬ ਪਿਆਰਾ, ਬਦਲਿਆ ਸਭਿਆਚਾਰ ।
'ਮਾਣੋ ਚਾਹਲ' ਵੀ ਬਦਲ ਗਿਆ ਹੁਣ, ਬਦਲਿਆ ਕੁੱਲ ਸੰਸਾਰ।



Scanned with OKEN Scanner
Scanned with OKEN Scanner

# 45. ਦਿੱਲੀ ਕਹੇ ਪੰਜਾਬ ਨੂੰ

ਤੁਹਾਡੀ ਹਿੱਕ ਤੇ ਦੀਵਾ ਬਾਲਣਾ ਹੈ,
ਨਹੀਂ ਪੰਜਾਬੀਓ ਚੈਨ ਨਾਲ ਬਹਿਣ ਦੇਣਾ।

ਦਿੱਲੀ ਮੋਰਚਾ ਤੁਸੀਂ ਲਗਾ ਛੱਡਿਆ,
ਕਾਲ਼ਾ ਖੇਤੀ ਕਨੂੰਨ ਨਹੀਂ ਰਹਿਣ ਦੇਣਾ।

ਤੁਹਾਡੇ ਕਾਰਨੇ ਥੁੱਕ ਕੇ ਪਿਆ ਚੱਟਣਾ,
ਤਹਾਨੂੰ ਸੁਖ ਦਾ ਸਾਹ ਨਹੀਂ ਲੈਣ ਦੇਣਾ।

ਕਈ ਪਿੰਡ ਪੰਜਾਬੀ ਸੀ ਉੱਜੜੇ ਪਰ,
ਚੰਡੀਗੜ੍ਹ ਨਹੀਂ ਤੁਹਾਡੇ ਨਾਂ ਪੈਣ ਦੇਣਾ।

ਥੋਡੇ ਕੋਲ਼ ਹਰਿਆਣਾ ਸਰਕਾਰ ਬੈਠੂ,
"ਸਾਡਾ ਚੰਡੀਗੜ੍ਹ" ਥੋਨੂੰ ਨਹੀਂ ਕਹਿਣ ਦੇਣਾ।

ਮਾਣੋਚਾਹਲੀਆ ਤੁਸੀਂ ਨਹੀਂ ਕਸਰ ਛੱਡੀ,
ਕਿਲ੍ਹਾ ਢਾਹੁਣ ਲਈ, ਅਸੀਂ ਨਹੀਂ ਢਹਿਣ ਦੇਣਾ।



Scanned with OKEN Scanner
Scanned with OKEN Scanner

# 46. ਦਿੱਲੀਏ ਸੁਣ ਪੰਜਾਬ ਦੀ

ਅਸੀਂ ਪੰਜਾਬੀ ਜਵਾਨ ਹਾਂ ਛੈਲ ਬਾਂਕੇ,
ਈਨ ਮੰਨਣਾ ਨਹੀਂ ਸੁਭਾਅ ਸਾਡਾ।

ਕਈ ਨਾਦਰ ਅਬਦਾਲੀ ਆਏ ਇੱਥੇ,
ਰੋਕ ਸਕਿਆ ਨਹੀਂ ਕੋਈ ਰਾਹ ਸਾਡਾ।

ਤੁਹਾਡੀ ਗ਼ਲਤੀ ਪੜ੍ਹ ਕੇ ਵੇਖਿਆ ਨਹੀਂ,
ਨਹੀਂ ਝੂਠ, ਇਤਿਹਾਸ ਗਵਾਹ ਸਾਡਾ।

ਚੁੱਕ ਲੈ ਜਾਂਦੇ ਸੀ ਬਹੂ ਬੇਟੀਆਂ ਨੂੰ,
ਲੈ ਆਉਂਦਾ ਸੀ ਸਿੰਘ ਛਡਾਅ ਸਾਡਾ।

ਪਿਸ਼ਾਵਰ ਤੱਕ ਸੀ ਖ਼ਾਲਸਾ ਰਾਜ ਹੁੰਦਾ,
ਬਲੀ ਯੋਧਾ ਰਣਜੀਤ ਪਾਤਸ਼ਾਹ ਸਾਡਾ।

ਕਦੇ ਮੁਗਲ ਤੇ ਕਦੇ ਅੰਗਰੇਜ਼ ਵੱਲੋਂ,
ਦਮ ਪਰਖਿਆ ਜਾਂਦਾ ਰਿਹਾ ਸਾਡਾ।

ਗ਼ਦਰੀ, ਭਗਤ, ਸਰਾਭੇ ਵਖਤ ਪਾਇਆ,
ਅੰਗਰੇਜ਼ ਕੰਬਿਆ ਵੇਖ ਕੇ ਤਾਅ ਸਾਡਾ।



Scanned with OKEN Scanner
Scanned with OKEN Scanner

ਭਾਰਤ ਵਰਸ਼ ਅਜ਼ਾਦ ਕਰਾਵਣੇ ਲਈ,
ਸਭ ਤੋਂ ਵੱਧ ਹਿੱਸਾ ਸੀ ਪੈ ਗਿਆ ਸਾਡਾ।

ਤੂੰ ਤਾਂ ਖੇਡਦੀ ਰਹੀ ਹੈਂ ਰਾਜਨੀਤੀ,
ਕੀਤੀ ਕੱਤਰੀ ਦਾ ਮੁੱਲ ਕੀ ਪਿਆ ਸਾਡਾ।

ਸੂਬੇ ਬਣਨੇ ਸੀ ਬੋਲੀ ਅਨੁਸਾਰ ਜਦੋਂ,
ਬਹੁਤਾ ਗਿਆ ਪੰਜਾਬ ਛਾਂਗਿਆ ਸਾਡਾ।

ਲਹੌਰ ਛੱਡ ਕੇ ਚੰਡੀਗੜ੍ਹ ਉਸਾਰਿਆ ਸੀ,
ਚੰਡੀਗੜ੍ਹ ਤੇ ਵੀ ਹੱਕ ਨਾ ਰਿਹਾ ਸਾਡਾ।

ਯਾਦ ਰੱਖਣਾ ! ਲੜਾਂਗੇ ਇੱਕ ਹੋ ਕੇ,
ਅਸੀਂ ਪੰਜਾਬੀ ਹਾਂ, ਪੰਜਾਬ ਹੀ ਸਾਹ ਸਾਡਾ।

ਜਬਰ ਜ਼ੁਲਮ ਵਿਰੁੱਧ, ਇਨਸਾਫ਼ ਦੇ ਲਈ,
ਲੜਨਾ 'ਚਾਹਲ' ਬਾਬਾ ਦੱਸ ਗਿਆ ਸਾਡਾ।



Scanned with OKEN Scanner
Scanned with OKEN Scanner

# 47. ਚਾਰ ਬਿਮਾਰੀਆਂ

ਦੇਸ਼ ਖਾ ਲਿਆ ਚਹੁੰ ਬਿਮਾਰੀਆਂ ਨੇ,
ਹੋਇਆ ਲੋਕਾਂ ਦਾ ਮੰਦੜਾ ਹਾਲ ਬੇਲੀ।

ਹਰ ਚੀਜ਼ ਬਜ਼ਾਰ ਵਿੱਚ ਹੋਈ ਮਹਿੰਗੀ,
ਖਾਣਾ ਪੀਣਾ ਵੀ ਹੋਇਆ ਮੁਹਾਲ ਬੇਲੀ।

ਫ਼ਲ ਸਬਜ਼ੀ ਹੱਥ ਨਾ ਲਾਉਣ ਦੇਂਦੇ,
ਮਹਿੰਗੇ ਖੰਡ, ਚਾਹ, ਆਟਾ, ਦਾਲ਼ ਬੇਲੀ।

ਦੱਸੋ ਕਿਸੇ ਗ਼ਰੀਬ ਨੇ ਕੀ ਖਾਣਾ ?
ਦਸਾਂ ਨਹੁੰਆਂ ਦੀ ਕਰਦਾ ਜੋ ਘਾਲ ਬੇਲੀ,

ਪੜ੍ਹ ਲਿਖ ਕੇ ਵੀ ਮਿਲ਼ੇ ਨਾ ਕੰਮ ਕੋਈ,
ਬੇਰੁਜ਼ਗਾਰੀ ਦਾ ਫੈਲਿਆ ਜਾਲ਼ ਬੇਲੀ।

ਜਿਹੜਾ ਕੰਮ ਤੇ, ਓਹਦੀ ਤਨਖ਼ਾਹ ਥੋੜ੍ਹੀ,
ਜਾਂਦਾ ਮਾਲਕ ਦੀ ਜੇਬ ਵਿੱਚ ਮਾਲ ਬੇਲੀ।

ਪਿੱਛੇ ਲਾਈਨ ਚ ਖੜੇ ਕੰਮ ਲੱਭਦੇ ਕਈ,
ਕਾਮਾ ਕਰੇਗਾ ਕਿਵੇਂ ਹੜਤਾਲ ਬੇਲੀ ?

ਮੁੱਠੀ ਗਰਮ ਕੀਤੇ ਬਿਨ ਦਫ਼ਤਰਾਂ 'ਚ,
ਅਫਸਰ, ਬਾਬੂ ਨਾ ਕਰੇ ਖਿਆਲ ਬੇਲੀ।



Scanned with OKEN Scanner
Scanned with OKEN Scanner

ਭ੍ਰਿਸ਼ਟਾਚਾਰ ਦੀ ਜ਼ਹਿਰ ਨੇ ਡੰਗ ਲਿਆ,
ਸਿਸਟਮ ਦੇਸ਼ ਦਾ ਖਾਧਾ ਜੰਗਾਲ਼ ਬੇਲੀ।

ਇਹਨਾਂ ਤਿੰਨਾਂ ਖ਼ਿਲਾਫ਼ ਜਦ ਲੋਕ ਲੜਦੇ,
ਹਾਕਮ ਖੇਡਦਾ ਫੁੱਟ-ਪਾਊ ਚਾਲ ਬੇਲੀ।

'ਚਾਹਲ' ਆਪੋ ਵਿੱਚ ਲੋਕ ਉਲਝਾ ਛੱਡੇ,
ਹਿੰਦੂ ਲੜੀ ਜਾਂਦਾ ਮੁਸਲਿਮ ਨਾਲ ਬੇਲੀ।



Scanned with OKEN Scanner
Scanned with OKEN Scanner

# 48. ਧਰਮ ਤੇ ਰਾਜਨੀਤੀ

ਜਿੱਥੇ ਧਰਮ ਨੂੰ ਵਰਤਦੀ ਰਾਜਨੀਤੀ,
ਉੱਥੇ ਹੋਂਵਦੀ ਸਦਾ ਤਬਾਹੀ ਲੋਕੋ।

ਕਿਸੇ ਧਰਮ ਨੂੰ ਕਿਸੇ ਤੋਂ ਨਹੀਂ ਖ਼ਤਰਾ,
ਰਾਜਨੀਤੀ ਹੀ ਧਰਮ ਗਲ਼ ਫਾਹੀ ਲੋਕੋ।

ਗਲਤ ਖ਼ਾਲਿਸਤਾਨ ਦੀ ਗੱਲ ਕਰਨੀ,
ਹਿੰਦੂ ਰਾਸ਼ਟਰ ਦੀ ਗਲਤ ਦੁਹਾਈ ਲੋਕੋ।

ਮਾਲਕ ਦੇਸ਼ ਦੇ ਕਿਰਤੀ ਲੋਕ ਸਾਰੇ,
ਹਿੰਦੂ, ਸਿੱਖ, ਮੁਸਲਿਮ ਤੇ ਇਸਾਈ ਲੋਕੋ।

ਧਰਮ-ਨਿਰਪੱਖਤਾ ਹੀ ਇਕ ਫ਼ਾਰਮੂਲਾ,
ਸਾਰੇ ਰੋਗਾਂ ਲਈ ਇਕ ਦਵਾਈ ਲੋਕੋ।

ਫੁੱਟ ਪਾਉਣ ਲਈ ਵਰਤਦਾ ਪੂੰਜੀਪਤੀ,
ਵੱਖ ਕਰਨ ਲਈ ਭਾਈ ਤੋਂ ਭਾਈ ਲੋਕੋ।

ਧਰਮ ਇਕ ਤੇ ਵੱਖਰੀ ਰਾਜਨੀਤੀ,
ਰਹਿਣੀ ਮਾਲਕ ਤੇ ਕਾਮੇ 'ਚ ਖਾਈ ਲੋਕੋ।



Scanned with OKEN Scanner
Scanned with OKEN Scanner

ਨੱਥਾ ਸਿੰਘ ਦੀ ਮੰਗ ਤਨਖ਼ਾਹ ਪੂਰੀ,
ਕੱਥਾ ਸਿੰਘ ਨੇ ਫੈਕਟਰੀ ਲਾਈ ਲੋਕੋ।

ਉਹਨੂੰ ਨਾਲ਼ ਮੁਨਾਫ਼ੇ ਦੇ ਗਰਜ਼ ਭਾਰੀ,
ਵੱਧ ਦੇ ਕੇ ਉਹ ਕੀ ਕਰੂ ਕਮਾਈ ਲੋਕੋ।

ਧਰਮ ਦੋਹਾਂ ਦਾ ਇਕ ਹੀ ਹੈ ਭਾਵੇਂ,
ਹਿੱਤ ਦੋਹਾਂ ਦੇ ਜਾਣ ਟਕਰਾਈ ਲੋਕੋ।

ਇੱਸੇ ਟੱਕਰ ਚੋਂ ਨਿਕਲਦੀ ਯੁੱਧ-ਨੀਤੀ,
'ਵਿਸ਼ਾਲ਼ ਏਕਤਾ ਤੇ ਤਿੱਖੀ ਲੜਾਈ' ਲੋਕੋ ।

ਜਦੋਂ ਕਾਮਾ ਸੰਘਰਸ਼ ਦੇ ਰਾਹ ਪੈਂਦਾ,
ਹਾਕਮ ਖੇਡਦਾ ਧਰਮ ਦੀ ਦਾਈ ਲੋਕੋ।

ਫਿਰਕਾਪ੍ਰਸਤੀ ਦਾ ਜ਼ਹਿਰ ਬਹੁਤ ਮਾੜਾ,
ਉਮਰ ਹਾਕਮ ਦੀ ਜਾਵੇ ਵਧਾਈ ਲੋਕੋ।

ਧਰਮ ਆਦਮੀ ਦਾ ਨਿੱਜੀ ਹੈ ਮਸਲਾ,
ਅੱਲਾ, ਵਾਹਿਗੁਰੂ ਜਾਂ ਰਾਮ ਧਿਆਈ ਲੋਕੋ।

ਗੱਲ ਕਾਮੇ ਨੂੰ 'ਚਾਹਲ' ਜਦ ਸਮਝ ਆ ਗੀ,
ਪੂੰਜੀ-ਪਤੀਆਂ ਦੀ ਹੋਣੀ ਸਫ਼ਾਈ ਲੋਕੋ।



Scanned with OKEN Scanner
Scanned with OKEN Scanner

## 49. ਪੰਚਾਇਤੀ ਚੋਣ - 2024

ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ,
ਜਿਹੜੀ ਹੋਈ ਪੰਚਾਇਤ ਦੀ ਚੋਣ ਯਾਰੋ।

ਸਾਮ, ਦਾਮ ਤੇ ਦੰਡ, ਭੇਦ ਵਾਲੇ,
ਸਾਰੇ ਵਰਤੇ ਗਏ ਸਿਆਸੀ ਕੋਣ ਯਾਰੋ।

ਦਾਬਾ ਮਾਰ ਕੇ ਸਹਿਮਤੀ ਕਰ ਲੀਤੀ,
ਸਕੇ ਹਾਕਮਾਂ ਦੇ ਬਹੁਤੇ ਖਲੌਣ ਯਾਰੋ।

ਚੁੱਲ੍ਹਾ ਟੈਕਸ ਤੇ ਐਨ ਓ ਸੀ ਬਦਲੇ,
ਕਈ ਹਾਕਮ ਦੀ ਜਾਨ ਨੂੰ ਰੋਣ ਯਾਰੋ।

ਜਿਹੜਾ ਆਇਆ ਵਿਰੋਧੀ ਸਾਹਮਣੇ ਸੀ,
ਕਾਗਜ਼ ਦਾਖ਼ਲ ਨਹੀਂ ਦਿੱਤੇ ਹੋਣ ਯਾਰੋ।

ਜ਼ੋਰਾਵਰਾਂ ਨੇ ਫ਼ਾਈਲਾਂ ਸੀ ਪਾੜ ਸੁੱਟੀਆਂ,
ਭੱਜ ਗੇ ਅਦਾਲਤੀਂ ਸੋਹਣ ਤੇ ਮੋਹਣ ਯਾਰੋ।

ਜੇ ਕੋਈ ਚੋਣ ਲੜਕੇ ਹੋਰ ਜਿੱਤ ਜਾਂਦਾ,
ਉਹ ਕੀ ਪਿੰਡ ਨੂੰ ਦੇਂਵਦਾ ਢਾਹ ਲੋਕੋ



Scanned with OKEN Scanner
Scanned with OKEN Scanner

ਪਰ ਨਹੀਂ 'ਆਪ' ਵਿਰੋਧ ਨੂੰ ਸਹਿਣ ਕੀਤਾ,
ਲੋਕ ਤੰਤਰ ਦਾ ਵੱਢਿਆ ਫਾਹ ਲੋਕੋ।

ਪਹਿਲਾਂ ਜਾਣ ਕੇ ਚੋਣ ਲਮਕਾ ਛੱਡੀ,
ਹਾਈ ਕੋਰਟ ਨੇ ਖੋਲ੍ਹਿਆ ਰਾਹ ਲੋਕੋ।

ਚੋਣ ਕਮਿਸ਼ਨ ਨਹੀਂ ਕਹਿੰਦੇ ਗੱਲ ਸੁਣਦਾ,
ਲੋਕਤੰਤਰ ਨਹੀਂ ਸਕਿਆ ਬਚਾਅ ਲੋਕੋ।

ਕਈ ਪੰਚ ਸਰਪੰਚ ਇਨਸਾਫ਼ ਬਦਲੇ,
ਪਹੁੰਚੇ ਅਦਲੀ ਦਰਬਾਰ ਵਿਚ ਜਾ ਲੋਕੋ।

ਲੋਕੀਂ ਕਿਹੜੇ ਬਦਲਾਅ ਨੂੰ ਉਡੀਕਦੇ ਸੀ,
'ਚਾਹਲ' ਕਿਹੋ ਜਿਹਾ ਗਿਆ ਹੈ ਆ ਲੋਕੋ।



Scanned with OKEN Scanner
Scanned with OKEN Scanner

# 50. ਜੀਅ ਕਰਦਾ

ਜੀਅ ਕਰਦਾ ਬੱਚਾ ਬਣ ਜਾਵਾਂ,
ਮਿੱਟੀ 'ਚ ਖੇਡਾਂ, ਮੀਂਹ 'ਚ ਨਾਹਵਾਂ।

ਮਾਂ ਝਿੜਕੇ, ਬਾਪੂ ਵੱਲ ਜਾਵਾਂ,
ਝੂਠੀ-ਮੂਠੀ ਰੋ ਦਿਖਲਾਵਾਂ।

ਨਵੇਂ ਤੋਂ ਨਵੇਂ ਖਿਡੌਣੇ ਚਾਹਵਾਂ,
ਜੇ ਨਾ ਮਿਲਣ ਤਾਂ ਫਿਰ ਰੁੱਸ ਜਾਵਾਂ।

ਬਾਪੂ ਤੁਰਤ ਬਜ਼ਾਰ ਨੂੰ ਜਾਵੇ,
ਨਵੇਂ ਖਿਡੌਣੇ ਖ਼ਰੀਦ ਲਿਆਵੇ।

ਖੇਡ ਖੇਡ ਜਦੋਂ ਥੱਕ ਜਾਵਾਂ,
ਗੂੜ੍ਹੀ ਨੀਂਦੇ ਮੈਂ ਸੌਂ ਜਾਵਾਂ।

ਤਿੰਨ ਸਾਲ ਦਾ ਹੋ ਜਾਵਾਂ,
ਜਦ, ਮਾਂ ਨੂੰ ਕਹਿ ਕੇ ਕੇਕ ਮੰਗਾਵਾਂ।

ਕੱਠੇ ਕਰਕੇ ਫਰੈਂਡ ਆਪਣੇ,
ਹੈਪੀ ਬਰਥ ਡੇ ਮਨਾਵਾਂ।

ਵਧੀਆ ਨਵੀਂ ਡਰੈੱਸ ਪਹਿਨ ਕੇ,
ਟਾਈਆਂ ਸ਼ਾਈਆਂ ਗਲ਼ ਲਟਕਾਵਾਂ।



Scanned with OKEN Scanner
Scanned with OKEN Scanner

ਪਾ ਕੇ ਬੂਟ ਜੁਰਾਬਾਂ ਪੈਰੀਂ,
ਕਾਨਵੈਂਟ ਸਕੂਲ 'ਚ ਜਾਵਾਂ।

ਤੁਰ ਕੇ ਜਾਣ ਦਾ ਗਿਆ ਜ਼ਮਾਨਾ,
ਪੀਲ਼ੇ ਰੰਗ ਦੀ ਬੱਸ ਬਹਿ ਜਾਵਾਂ।

ਨਵੇਂ ਬੈਗ ਵਿੱਚ ਪਾ ਕਿਤਾਬਾਂ,
ਚਾਅ ਨਾਲ਼ ਮੋਢੇ ਲਮਕਾਵਾਂ।

ਭਾਰ ਬੈਗ ਦਾ ਵਧੂਗਾ ਭਾਈ,
ਅਗਲੀ ਜਦ ਜਮਾਤ 'ਚ ਜਾਵਾਂ।

ਐਪਰ ਜਦੋਂ ਕਲਾਸ 'ਚ ਆ ਕੇ,
ਟੀਚਰ ਹਿੰਦੀ ਬੋਲ ਸੁਣਾਈ।

ਫਿਰ ਅੰਗਰੇਜ਼ੀ ਵਿੱਚ ਬੋਲੇਗੀ,
ਪੰਜਾਬੀ ਤੇ ਰੋਕ ਲਗਾਈ।

ਮੇਰੇ ਵੱਸ ਦਾ ਰੋਗ ਨਹੀਂ ਰਹਿਣਾ,
ਮੈਂ ਤਾਂ ਜਾਣਾ ਅੜ ਹੈ ਭਾਈ,

ਮੈਂ ਤਾਂ ਠੇਠ ਪੰਜਾਬੀ ਬੋਲੂੰ,
ਮਾਂ-ਬੋਲੀ ਤੋਂ ਸਦਕੇ ਜਾਈ।

ਇਹੋ ਜਿਹੇ ਸਕੂਲ ਤੋਂ ਚੰਗਾ,
ਸਰਕਾਰੀ ਸਕੂਲ ਹੈ ਭਾਈ,



Scanned with OKEN Scanner
Scanned with OKEN Scanner

ਉੱਥੇ ਵੱਧ ਪੜ੍ਹੇ ਅਧਿਆਪਕ,
ਦੋ ਸਾਲ ਦੀ ਲਈ ਸਿਖਲਾਈ।

ਮੈਨੂੰ ਓਹੀ ਠੀਕ ਹੈ ਰਹਿਣਾ,
ਮਾਂ-ਬੋਲੀ ਵਿਚ ਹੋਊ ਪੜ੍ਹਾਈ।

ਐਵੇਂ ਤੜਕ-ਭੜਕ ਵੇਖ ਕੇ,
ਮਨ ਵਿਚ ਇਹ ਰੀਝ ਸੀ ਆਈ,

ਵੇਖ ਕੇ ਸਾਰੀ ਉਲਝੀ ਤਾਣੀ,
ਹੁਣ ਬੱਚਾ ਨਹੀਂ ਬਣਨਾ ਭਾਈ।
ਮੈਂ ਬੱਚਾ ਨਹੀਂ ਬਣਨਾ ਭਾਈ.......



Scanned with OKEN Scanner
Scanned with OKEN Scanner

# 51. ਕੌਮਾਂਤਰੀ ਮਹਿਲਾ ਦਿਵਸ ਤੇ

## ਔਰਤ ਤੈਨੂੰ ਹੈ ਪ੍ਰਣਾਮ !

ਔਰਤ ! ਤੈਨੂੰ ਹੈ ਪ੍ਰਣਾਮ !
ਤੂੰ ਹੈਂ ਇਸ ਦੁਨੀਆਂ ਦੀ ਸ਼ਾਨ,
ਤੇਰੇ ਨਾਲ਼ ਹੀ ਵੱਸੇ ਜਹਾਨ,
ਤੇਰੇ ਬਾਝੋਂ ਇਸ ਦੁਨੀਆਂ ਦਾ, ਹੋਣਾ ਨਹੀਂ ਕੋਈ ਨਾਮ-ਨਿਸ਼ਾਨ।
ਔਰਤ ! ਤੈਨੂੰ........

ਤੂੰ ਬੁੱਧ, ਰਾਮ ਤੇ ਨਾਨਕ ਜੰਮੇ,
ਜੀਹਨਾਂ ਪੈਂਡੇ ਕਰਕੇ ਲੰਮੇ,
ਦੁਨੀਆਂ ਬਦਲੀ ਨਾਲ਼ ਠਰੰਮੇ,
ਭੈੜੇ ਕਰਮ ਸੀ ਕਰਦੇ ਜਿਹੜੇ, ਬਦਲ ਦਿੱਤੇ ਸੀ ਉਹ ਸ਼ੈਤਾਨ।
ਔਰਤ ! ਤੈਨੂੰ........

ਅਰਜਨ, ਤੇਗ ਬਹਾਦਰ ਤੇਰੇ,
ਜ਼ੁਲਮ ਤਸੀਹੇ ਸਹੇ ਬਥੇਰੇ,
ਦੇ ਗਏ ਸੀ ਕੁਰਬਾਨੀ ਜੇਹੜੇ,
ਵਾਰ ਦਿੱਤਾ ਪ੍ਰਵਾਰ ਜਿੰਨ੍ਹਾਂ ਨੇ, ਗੋਬਿੰਦ ਵਰਗੇ ਪੁੱਤ ਮਹਾਨ।
ਔਰਤ ! ਤੈਨੂੰ........

ਭਗਤ ਸਿੰਘ, ਸਰਾਭੇ ਤੇਰੇ,
ਸੈਂਕੜੇ ਗ਼ਦਰੀ ਬਾਬੇ ਤੇਰੇ,
ਸ਼ਹੀਦ ਵੀ ਬੇ-ਹਿਸਾਬੇ ਤੇਰੇ,



Scanned with OKEN Scanner
Scanned with OKEN Scanner

ਗਾਂਧੀ ਅਤੇ ਸੁਭਾਸ਼ ਵੀ ਤੇਰੇ, ਹੋ ਗਏ ਕਈ ਕੁਰਬਾਨ।
ਔਰਤ ! ਤੈਨੂੰ........

ਜਦ ਤੂੰ ਵਿੱਚ ਮੈਦਾਨੇ ਆਈ,
ਸਾਮਰਾਜ ਨਾਲ਼ ਸੀ ਜਾ ਟਕਰਾਈ,
ਭਾਗੋ ਬਣ ਤਲਵਾਰ ਚਲਾਈ,
ਜ਼ੁਲਮ ਦਾ ਸੱਤਿਆਨਾਸ਼ ਕਰਨ ਲਈ, ਗੁਜਰੀ ਧਰਿਆ ਨਾਮ।
ਔਰਤ ! ਤੈਨੂੰ........

ਖੇਡਾਂ ਵਿਚ ਜਾ ਭਾਰਤ-ਜਾਈਆਂ,
ਸੋਨਾ-ਚਾਂਦੀ ਜਿੱਤ ਲਿਆਈਆਂ,
ਗੀਤਾ ਅਤੇ ਬਬੀਤਾ ਛਾਈਆਂ,
ਵਿਨੇਸ਼ ਫੋਗਟ ਤੇ ਮਲਕ ਸਾਕਸ਼ੀ, ਸਭ ਨੂੰ ਮੇਰਾ ਹੈ ਸਲਾਮ।
ਔਰਤ ! ਤੈਨੂੰ........

ਸਮਾਜ-ਸੇਵਾ ਵੀ ਕੀਤੀ ਪੂਰੀ,
ਹਰ ਥਾਂ ਤੇਰੇ ਬਿਨਾਂ ਅਧੂਰੀ,
ਕਰਨੀ 'ਚਾਹਲ' ਸਿਫ਼ਤ ਜ਼ਰੂਰੀ,
ਰਾਜਨੀਤੀ ਦੇ ਅੱਧ ਅਸਮਾਨੇ, ਉੱਚਾ ਤੇਰਾ ਨਾਮ।
ਔਰਤ! ਤੈਨੂੰ ਹੈ ਪ੍ਰਣਾਮ !



Scanned with OKEN Scanner
Scanned with OKEN Scanner

## 52. ਮਨੀਪੁਰ ਹਿੰਸਾ

ਭਾਰਤ ਵਰਸ਼ ਦੀ ਪੂਰਬੀ ਗੁੱਠ ਵੱਲੋਂ,
ਸੜਦਾ ਮਨੀਪੁਰ ਨਜ਼ਰ ਆ ਰਿਹਾ ਏ।

ਕੁੱਕੀ ਅਤੇ ਮਤੱਈ ਭਾਈਚਾਰਾ,
ਆਪਸ ਵਿੱਚ ਹੀ ਬਾਘੀਆਂ ਪਾ ਰਿਹਾ ਏ।

ਜਿੱਥੇ ਸਦੀਆਂ ਤੋਂ ਇਕੱਠੇ ਵੱਸਦੇ ਸੀ,
ਭੂਤ ਨਫ਼ਰਤ ਦਾ ਉੱਥੇ ਹੁਣ ਛਾ ਰਿਹਾ ਏ।

ਐਸਾ ਸੇਹ ਦਾ ਤੱਕਲਾ ਗੱਡ ਦਿੱਤਾ,
ਭਾਈਚਾਰੇ ਨੂੰ ਲਾਂਬੂ ਜੋ ਲਾ ਰਿਹਾ ਏ।

ਹਾਕਮ ਖੜਾ ਮਤੱਈਆਂ ਦੀ ਪਿੱਠ ਉੱਤੇ,
ਨਾਚ ਵਹਿਸ਼ਤ ਦਾ ਨੰਗਾ ਕਰਵਾ ਰਿਹਾ ਏ।

ਸਾੜਫੂਕ ਤੇ ਕਤਲ ਤਾਂ ਗੱਲ ਛੋਟੀ,
ਨਾਲ਼ ਔਰਤਾਂ ਰੇਪ ਕਰਵਾ ਰਿਹਾ ਏ।

ਰਾਖਾ ਵੇਖਦਾ ਏ ਸਭ ਕੁਝ ਮੀਟ ਅੱਖਾਂ,
ਕਿਧਰੇ ਨਾਲ਼ ਮਿਲ ਕੇ ਜ਼ੁਲਮ ਢਾਹ ਰਿਹਾ ਏ।

ਕੋਈ ਜਾਏ ਤਾਂ ਦੱਸੋ ਤੁਸੀਂ ਜਾਏ ਕਿੱਥੇ ?
ਮੁਣਸ਼ੀ ਰਪਟ ਲਿਖਣ ਤੋਂ ਟਰਕਾ ਰਿਹਾ ਏ।



Scanned with OKEN Scanner
Scanned with OKEN Scanner

ਇਹੀ ਦਿੱਲੀ ਤੇ ਇਹੀ ਗੁਜਰਾਤ ਹੋਇਆ,
ਹਾਕਮ ਮੱਥੇ ਕਲੰਕ ਲਗਵਾ ਰਿਹਾ ਏ।

ਰੋਮ ਵਾਂਗਰਾਂ ਮਨੀਪੁਰ ਸੜੀ ਜਾਂਦਾ,
ਰਾਜਾ ਮਹਿਲਾਂ ਚ ਬੰਸੀ ਵਜਾ ਰਿਹਾ ਏ।

ਕਹਿੰਦਾ ਇਹ ਤਾਂ ਰੋਜ਼ ਹੀ ਰਹੇ ਹੁੰਦਾ,
ਪਾਬੰਦੀ ਮੀਡੀਏ ਉੱਤੇ ਹੀ ਲਾ ਰਿਹਾ ਏ।

ਪ੍ਰਧਾਨ ਸੇਵਕ ਨੇ ਲੰਬੀ ਚੁੱਪ ਵੱਟੀ,
ਉਜਾੜਾ ਲੋਕਾਂ ਦਾ ਵੇਖ ਸੁਸਤਾ ਰਿਹਾ ਏ।

ਲੋਕ ਲੜਨ ਤੇ ਹਾਕਮ ਨੂੰ ਮਿਲਣ ਵੋਟਾਂ,
ਘੱਟ ਗਿਣਤੀਆਂ ਨੂੰ ਤਾਂਹੀ ਸਤਾ ਰਿਹਾ ਏ।

ਬੰਗਲਾਦੇਸ਼ੀ ਹਿੰਦੂਆਂ ਦੀ ਬਹੁਤ ਚਿੰਤਾ,
ਪਰ ਮਨੀਪੁਰ ਨਜ਼ਰ ਨਾ ਆ ਰਿਹਾ ਏ।

ਚੋਣਾਂ ਹੋਣ ਤਾਂ ਮੀਜ਼ੋਰਮ ਜਾਏ ਭੱਜਾ,
ਮਨੀਪੁਰ ਤੋਂ ਡਰ ਕਿਉਂ ਆ ਰਿਹਾ ਏ ?

ਮਾਣੋਚਾਹਲੀਆ ਸੱਤਾ ਹੈ ਫਾਸ਼ੀਵਾਦੀ,
ਖ਼ਤਰਾ ਲੋਕਾਂ ਦੇ ਸਿਰ ਮੰਡਰਾ ਰਿਹਾ ਏ।



Scanned with OKEN Scanner
Scanned with OKEN Scanner

# 53. ਬੰਦਾ ਬਣ ਜਾਵਾਂ

ਕਾਸ਼! ਕਿ ਮੈਂ ਬੰਦਾ ਬਣ ਜਾਵਾਂ, ਨੇਕੀ ਕਰਾਂ, ਬਦੀ ਭੁੱਲ ਜਾਵਾਂ।
ਹਰ ਇੱਕ ਨਾਲ ਹੀ ਮਿੱਠਾ ਬੋਲਾਂ, ਗੁੱਸਾ ਮਨ ਚੋਂ ਦੂਰ ਭਜਾਵਾਂ।

ਹੱਕ ਪਰਾਇਆ ਕਦੇ ਨਾ ਮਾਰਾਂ, ਲਾਲਚ ਦਾ ਨਾਂ ਮੂੰਹ ਤਕਾਵਾਂ।
ਮਾਇਆ ਦਾ ਮੋਹ ਛੱਡ ਕੇ ਸਾਰਾ,ਕੁਦਰਤ ਨਾ ਇੱਕਮਿਕ ਹੋ ਜਾਵਾਂ।

ਨਿੰਦਾ ਚੁਗਲੀ ਦਾ ਲੜ ਛੱਡ ਕੇ, ਭਲਿਆਂ ਪੁਰਖਾਂ ਦਾ ਸੰਗ ਪਾਵਾਂ।
ਕਰਾਂ ਨਾ ਹੇਰਾਫੇਰੀ ਕਿਧਰੇ, ਬੇਈਮਾਨੀ ਤੋਂ ਕਤਰਾਵਾਂ।

ਹੋਰ ਸਿੱਖਣ ਲਈ ਕਰਾਂ ਮੈਂ ਹੀਲੇ, ਹਿਰਦੇ ਗਿਆਨ ਦੀ ਜੋਤ ਜਗਾਵਾਂ।
ਮੂੰਹੋਂ ਬੋਲ ਜੇ ਨਿਕਲੇ ਮਾੜਾ, ਮੁਆਫ਼ੀ ਮੰਗ ਕੇ ਘਰ ਨੂੰ ਆਵਾਂ।

ਫਿਰ ਵੀ ਹਾਉਮੈ ਨੇੜ ਨਾ ਆਵੇ, ਦਿਲੋਂ ਮਨੋਂ ਮੈਂ ਇਹੋ ਚਾਹਵਾਂ।
ਆਪੇ 'ਚਾਹਲ' ਕੁਝ ਨਹੀਂ ਹੋਣਾ, ਹੀਲਾ ਕਰ, ਨਾ ਮੰਗ ਦੁਆਵਾਂ।



Scanned with OKEN Scanner
Scanned with OKEN Scanner

# 54. ਨਵੇਂ ਸਾਲ ਦੀ ਪੂਰਵ-ਸੰਧਿਆ ਤੇ ਨਵੇਂ ਸਾਲ ਨੂੰ ਮੁਖ਼ਾਤਿਬ

ਦੁੱਖ ਤਕਲੀਫ਼ਾਂ ਸਹਿੰਦੇ ਪਿਛਲਾ ਬੀਤ ਗਿਆ,
ਸੁੱਖ ਸੁਖਾਂ ਨਾਲ਼ ਆਵੀਂ ਨਵਿਆਂ ਸਾਲਾ ਤੂੰ।
ਮੁੱਕ ਜਾਵਣ ਸਭ ਝਗੜੇ ਝੇੜੇ ਦੁਨੀਆਂ ਦੇ,
ਕੋਈ ਐਸੀ ਜੁਗਤ ਲੜਾਵੀਂ ਨਵਿਆਂ ਸਾਲਾ ਤੂੰ।

ਹਰ ਬੰਦੇ ਨੂੰ ਰਜਵਾਂ ਟੁੱਕਰ ਮਿਲਦਾ ਰਹੇ,
ਆ ਸਭ ਦੇ ਭਾਗ ਜਗਾਵੀ ਨਵਿਆਂ ਸਾਲਾ ਤੂੰ।
ਕੁੱਲੀ, ਗੁੱਲੀ, ਜੁੱਲੀ ਨੂੰ ਕੋਈ ਤਰਸੇ ਨਾ,
ਸਰਕਾਰਾਂ ਜ਼ਿੰਮੇਂ ਲਾਵੀਂ ਨਵਿਆਂ ਸਾਲਾ ਤੂੰ।

ਪੜ੍ਹ ਲਿਖ ਵਿਹਲਾ ਫਿਰੇ ਨਾ ਕੋਈ ਸੜਕਾਂ ਤੇ,
ਆ ਸਭ ਨੂੰ ਕੰਮੇਂ ਲਾਵੀਂ ਨਵਿਆਂ ਸਾਲਾ ਤੂੰ।
ਸਭ ਨੂੰ ਮੁਫ਼ਤ ਪੜ੍ਹਾਈ ਮਿਲਦੀ ਕਰ ਦੇਵੀਂ,
ਵਿਦਿਆ ਨਾ ਵਿਕਵਾਵੀਂ ਨਵਿਆਂ ਸਾਲਾ ਤੂੰ।

ਬਿਨਾਂ ਦਵਾਈ ਕੋਈ ਨਾ ਐਵੇਂ ਮਰ ਜਾਵੇ,
ਆ ਹਾਕਮ ਨੂੰ ਸਮਝਾਵੀਂ ਨਵਿਆਂ ਸਾਲਾ ਤੂੰ।
ਅਮੀਰ ਗਰੀਬ ਦੇ ਵਿਚਲਾ ਪਾੜਾ ਘਟ ਜਾਵੇ,
ਕੋਈ ਐਸਾ ਤੀਰ ਚਲਾਵੀਂ ਨਵਿਆਂ ਸਾਲਾ ਤੂੰ।



Scanned with OKEN Scanner
Scanned with OKEN Scanner

ਰਹਿਣ ਕਿਤੇ ਨਾ ਝਗੜੇ ਧਰਮਾਂ ਮਜ਼੍ਹਬਾਂ ਦੇ,
ਆ ਨਫ਼ਰਤ ਮਾਰ ਮੁਕਾਵੀਂ ਨਵਿਆਂ ਸਾਲਾ ਤੂੰ।
ਹਾਉਮੈਂ ਭਰੀਆਂ ਆਲਮੀਂ ਜੰਗਾਂ ਮੁੱਕ ਜਾਵਣ,
ਅਮਨ ਦਾ ਦੀਪ ਜਗਾਵੀਂ ਨਵਿਆਂ ਸਾਲਾ ਤੂੰ।

ਆਂਢ-ਗਵਾਂਢ ਨਾਲ਼ ਭਾਈਚਾਰਾ ਬਣਿਆ ਰਹੇ,
ਸਰਕਾਰਾਂ ਨੂੰ ਸਮਝਾਵੀਂ ਨਵਿਆਂ ਸਾਲਾ ਤੂੰ।
ਰੋਟੀ ਖ਼ਾਤਰ ਹੋਵਣ ਕਿਤੇ ਮੁਜ਼ਾਹਰੇ ਨਾ,
ਤਖ਼ਤ ਨੂੰ ਸੋਚਣ ਲਾਵੀਂ ਨਵਿਆਂ ਸਾਲਾ ਤੂੰ।

ਇਹ ਤਖ਼ਤਾਂ ਵਾਲ਼ੇ ਜੇ ਨਾ ਤੇਰੀ ਗੱਲ ਮੰਨਣ,
ਤਾਂ ਝੰਡਾ ਲਾਲ ਉਠਾਵੀਂ ਨਵਿਆਂ ਸਾਲਾ ਤੂੰ।
'ਮਾਣੋ ਚਾਹਲ' ਸੰਸਾਰ ਇਹੋ ਜਿਹਾ ਬਣਾ ਦੇਵੀਂ,
ਜੀਵੇ ਇਕ ਦੂਜੇ ਦੇ ਸਾਹਵੀਂ ਨਵਿਆਂ ਸਾਲਾ ਤੂੰ।



Scanned with OKEN Scanner
Scanned with OKEN Scanner

# 55. ਬਾਬਾ ਨਾਨਕ ਕਿਰਤ ਦਾ ਵਾਰਸ

ਕਾਰਲ ਮਾਰਕਸ ਤੋਂ ਸੈਂਕੜੇ ਸਾਲ ਪਹਿਲਾਂ,
ਬਾਬੇ ਨਾਨਕ ਨੇ ਕਿਰਤ ਦਾ ਮੁੱਲ ਪਾਇਆ।
ਮਲਕ ਭਾਗੋ ਦੇ ਸ਼ਾਹੀ ਖਾਣਿਆਂ ਨੂੰ
ਛੱਡ ਕੇ ਲਾਲੋ ਦੇ ਘਰ ਨੂੰ ਭਾਗ ਲਾਇਆ।
ਸੱਜਣ ਠੱਗਾਂ ਤੇ ਕੌਡੇ ਰਾਕਸ਼ਾਂ ਨੂੰ,
ਕਿਰਤ ਧਰਮ ਦੀ ਕਰਨ ਦੇ ਰਾਹ ਪਾਇਆ।
ਕਿਰਤ ਕਰੋ ਤੇ ਵੰਡ ਕੇ ਛਕੋ ਲੋਕੋ,
ਨਾਮ ਜਪੋ ਫਿਰ ਗੁਰੂ ਨੇ ਫ਼ੁਰਮਾਇਆ।
'ਘਾਲ ਖਾਇ ਕਿਛੁ ਹਥਹੁ ਦੇਇ' ਜਿਹੜਾ,
ਓਹੀ ਰਾਹ ਪਛਾਣੇ, ਉੱਚੀ ਬੋਲ ਗਾਇਆ।

ਜਾਤ-ਪਾਤ ਤੇ ਊਚ-ਨੀਚ ਵਾਲ਼ਾ,
ਬਾਬੇ ਲੋਕਾਂ ਦਾ ਭਰਮ ਮਿਟਾਇਆ ਸੀ।
ਏਕ ਪਿਤਾ ਤੇ ਏਕਸ ਕੇ ਹਮ ਬਾਰਿਕ,
ਭਾਈਚਾਰਾ ਇੰਜ ਸੁਹਣਾ ਬਣਾਇਆ ਸੀ।
ਕਹਿੰਦੇ ਨੀਚਾਂ ਚੋਂ ਅਤਿ ਨੀਚ ਜਿਹੜੇ,
ਨਾਨਕ ਓਹਨਾਂ ਦਾ ਸਾਥੀ ਕਹਾਇਆ ਸੀ।
ਮੰਗ ਖਾਣਾ ਮਰਦਾਨੇ ਨੂੰ ਲੋਕ ਕਹਿੰਦੇ,
ਬਾਬੇ ਓਹਨੂੰ ਵੀ ਗਲ਼ ਨਾਲ਼ ਲਾਇਆ ਸੀ।



Scanned with OKEN Scanner
Scanned with OKEN Scanner

ਕਿਹਾ ਹੱਕ ਪਰਾਇਆ ਖਾਣ ਵਾਲ਼ਾ,
ਹਿੰਦੂ ਗਊ ਤੇ ਮੁਸਲਿਮ ਸੂਰ ਸਮਝੇ।
ਪਾਪਾਂ ਬਾਝੋਂ ਨਾ ਮਾਇਆ ਹੋਏ ਇਕੱਠੀ,
ਮੋਇਆਂ ਹੱਥਾਂ ਤੋਂ ਹੋਂਵਦੀ ਦੂਰ ਸਮਝੇ।
ਰਾਜੇ ਸ਼ੀਂਹ ਮੁਕੱਦਮ ਹੋਏ ਕੁੱਤੇ,
ਕਹਿਣਾ ਹਾਕਮ ਨੂੰ ਬਾਬਾ ਦਸਤੂਰ ਸਮਝੇ।
ਜੰਞ ਪਾਪ ਦੀ ਲੈ ਚੜ੍ਹਿਆ ਕਾਬਲੋਂ ਜੋ,
ਬਾਬਾ ਬਾਬਰ ਨੂੰ ਜਾਬਰ ਕਰੂਰ ਸਮਝੇ।

ਵਹਿਮਾਂ, ਭਰਮਾਂ, ਪਖੰਡਾਂ ਦੇ ਪਾਜ ਖੋਲ੍ਹੇ,
ਬਾਬੇ ਪੈਦਲ ਹੀ ਦੁਨੀਆਂ ਗਾਹ ਮਾਰੀ।
ਘਰ ਛੱਡ ਕੇ ਹਜ਼ਾਰਾਂ ਹੀ ਮੀਲ ਤੁਰਿਆ,
ਰਾਹ ਅਣਜਾਣੇ, ਖ਼ਤਰੇ ਬਹੁਤ ਭਾਰੀ।
ਬਾਬੇ ਲੋਕਾਂ ਵਿਚ ਗਿਆਨ ਦਾ ਦੇ ਛੱਟਾ,
ਤਰਕ ਨਾਲ਼ ਸਮਝਾਈ ਗੱਲ ਸਾਰੀ।
ਜਿਹੜੀ ਰਾਜਿਆਂ ਨੂੰ ਜਨਮ ਦੇਂਵਦੀ ਹੈ,
ਉਹਨੂੰ ਮੰਦਾ ਕਿਉਂ ਕਹੇ ਜਮਾਤ ਸਾਰੀ।

ਬਾਬੇ ਆਖਿਆ ਪਹਾੜਾਂ ਤੇ ਜੰਗਲਾਂ ਚੋਂ,
ਜਾ ਕੇ ਰੱਬ ਨੂੰ ਭਾਲਣ ਦੀ ਲੋੜ ਕੋਈ ਨਹੀਂ।
ਉਹ ਤਾਂ ਵੱਸਦਾ ਸਭਨਾਂ ਦੇ ਦਿਲਾਂ ਅੰਦਰ,
ਬਾਹਰੋਂ ਲਿਆ ਸਕਦਾ ਓਹਨੂੰ ਮੋੜ ਕੋਈ ਨਹੀਂ।
ਇਕ ਓਅੰਕਾਰ ਵੱਸਦਾ ਜਰੇ ਜਰੇ ਅੰਦਰ,
ਐਵੇਂ ਵਹਿਮ ਤਹਾਨੂੰ ਲੱਖ ਕਰੋੜ ਕੋਈ ਨਹੀਂ।
ਓਹੀਓ ਅਮੀਰ ਤੇ ਓਹੀਓ ਗਰੀਬ ਦਾ ਹੈ,
ਓਹਨੂੰ ਆਰਤੀ ਪੂਜਾ ਦੀ ਥੋੜ ਕੋਈ ਨਹੀਂ।

ਅਸਲੀ ਰਾਹ ਵਿਖਾ ਕੇ ਭੁੱਲਿਆਂ ਨੂੰ,



Scanned with OKEN Scanner
Scanned with OKEN Scanner

ਬਾਬੇ ਡੇਰਾ ਕਰਤਾਰ ਪੁਰ ਲਾ ਲਿਆ ਸੀ।
ਹੱਥੀਂ ਕਿਰਤ ਕਰਕੇ ਦੱਸ ਗਿਆ ਸਭ ਨੂੰ,
ਕਹਿਣੀ ਕਰਨੀ ਦਾ ਮੇਲ ਵਿਖਾ ਗਿਆ ਸੀ।
ਹੱਥਾਂ ਪੈਰਾਂ ਨਾਲ਼ ਰੋਜ਼ੀ ਕਮਾ ਖਾਣੀ,
ਮਨ ਨੂੰ ਸਤਿ ਨਾਲ਼ ਜੋੜ ਵਿਖਾ ਗਿਆ ਸੀ।
ਕੁਦਰਤ ਬੜੀ ਬੇਅੰਤ ਹੈ ਸੁਣ 'ਚਾਹਲਾ',
ਬਾਣੀ ਵਿਚ ਸੋਹਲੇ ਓਹਦੇ ਗਾ ਗਿਆ ਸੀ।



Scanned with OKEN Scanner
Scanned with OKEN Scanner

# ਭਾਗ ਤੀਜਾ - ਬੋਲ ਕੁਬੋਲ ਰਾਹੀਂ ਪੈਂਤੀ ਅੱਖਰੀਂ

## 1. ੳ

ਊੜਾ ਉੱਠ ਕੇ ਕਿਰਤੀਆ ਸਾਂਭ ਵੇਲ਼ਾ,
ਹੁਣ ਟਾਇਮ ਇਹ ਸੁੱਤੇ ਰਹਿਣ ਦਾ ਨਹੀਂ।

ਮੁੱਠੀ ਭਰ ਲੁਟੇਰੇ ਲੁੱਟੀ ਜਾਣ ਤੈਨੂੰ,
ਇਕੱਠੇ ਕਰ ਸਭ ਨੂੰ, ਵੇਲ਼ਾ ਬਹਿਣ ਦਾ ਨਹੀਂ।

ਤੈਨੂੰ ਧਰਮਾਂ ਤੇ ਜਾਤਾਂ ਵਿੱਚ ਵੰਡ ਛੱਡਿਆ,
ਏਕਾ ਕਰ ਮਜ਼ਬੂਤ, ਪਰ ਕਹਿਣ ਦਾ ਨਹੀਂ।

ਹੋ ਜਾਓ ਇਕ ਝੰਡੇ ਹੇਠ ਸਭ ਇਕੱਠੇ,
ਵਕਤ ਆਪੋ ਵਿੱਚ ਸ਼ੇਰਾ ਖਹਿਣ ਦਾ ਨਹੀਂ।

ਧੱਕੇ ਖਾਂਵਦੀ ਤੇਰੀ ਜਮਾਤ ਵੱਡੀ,
ਹੱਕ ਤੁਸਾਂ ਦਾ ਦੁੱਖੜੇ ਸਹਿਣ ਦਾ ਨਹੀਂ।

ਲੈਣਾ ਆਪਣੀ ਕਿਰਤ ਦਾ ਮੁੱਲ ਪੂਰਾ,
ਕੋਈ ਗਾਲ੍ਹ ਉਲਾਹਮਾ ਹੱਕ ਲੈਣ ਦਾ ਨਹੀਂ।

'ਚਾਹਲਾ' ਖਿੰਡਰੀ ਕਰ ਜਮਾਤ ਇਕੱਠੀ,
ਡਰ ਮੰਨਣਾ ਕਿਸੇ ਲਫਟੈਣ ਦਾ ਨਹੀਂ।



Scanned with OKEN Scanner
Scanned with OKEN Scanner

## 2. ਅ

ਐੜਾ ਅਜ਼ਾਦ ਹਿੰਦ ਫੌਜ ਨੂੰ, ਦੱਸ ਕਵੀਆ,
ਕਿਹੜੀ ਗੱਲੋਂ ਤੂੰ ਮਨੋਂ ਵਿਸਾਰਿਆ ਈ ?

ਸੁਭਾਸ਼ ਚੰਦਰ ਸੀ ਚੇਲਾ ਭਗਤ ਸਿੰਘ ਦਾ,
ਸਾਮਰਾਜ ਨੂੰ ਜਿਨ ਲਲਕਾਰਿਆ ਈ।

ਜੁੱਤੀ ਬਿਨ ਅੰਗਰੇਜ਼ ਨਾ ਸੂਤ ਆਉਣਾ,
ਫੌਜ ਆਪਣੀ ਨੂੰ ਜੰਗ ਚ ਉਤਾਰਿਆ ਈ।

ਢਿੱਲੋਂ, ਸਹਿਗਲ ਤੇ ਸ਼ਾਹ ਨਿਵਾਜ਼ ਤਿੰਨਾਂ,
ਜਨਰਲ ਬਣ ਕੇ ਵੈਰੀ ਲਲਕਾਰਿਆ ਈ।

ਲੇਡੀ ਰੈਜੀਮੈਂਟ ਦੀ ਆਗੂ ਲਕਸ਼ਮੀ ਸੀ,
ਸਹਿਗਲ ਨਾਂ ਨਾਲ ਜਾਂਦਾ ਪੁਕਾਰਿਆ ਈ।

ਜਦੋਂ ਦੇਸ਼ ਅਜ਼ਾਦ ਹੋ ਗਿਆ ਭਾਰਤ,
ਬਿਰਲੇ ਟਾਟਿਆਂ ਨੇ ਜੱਫਾ ਮਾਰਿਆ ਈ।
ਸਹਿਗਲ ਜੋੜੀ ਦੀ ਧੀ 'ਸੁਭਾਸ਼ਨੀ' ਨੇ,
ਲਾਲ ਝੰਡੇ ਨੂੰ 'ਚਾਹਲ' ਸਤਕਾਰਿਆ ਈ।



Scanned with OKEN Scanner
Scanned with OKEN Scanner

## 3. ੲ

ਈੜੀ ਇਨਕਲਾਬ ਹੀ ਇਕ ਦਾਰੂ,
ਕਰੇ ਪੱਧਰਾ ਸਭ ਕਿਆਰੀਆਂ ਨੂੰ।

ਨਹੀਂ ਫਿਰ ਬੰਦੇ ਦੀ ਬੰਦਾ ਲੁੱਟ ਕਰਦਾ,
ਮਿਲਦਾ ਕੰਮ ਸਾਰੇ ਨਰ ਨਾਰੀਆਂ ਨੂੰ।

ਕੰਮ ਮਿਲੇ ਮੁਤਾਬਕ ਯੋਗਤਾ ਦੇ,
ਤਲਬ ਮਿਲਦੀ ਹੈ ਕੰਮ ਦਿਹਾੜੀਆਂ ਨੂੰ।

ਸਾਰੀ ਮਿਲੇ ਪੜ੍ਹਾਈ ਬਿਨ ਪੈਸੇ,
ਡਾਕਟਰ ਕਾਬੂ ਕਰਨ ਬਿਮਾਰੀਆਂ ਨੂੰ।

ਨਾ ਕੋਈ ਅਰਬਾਂ ਖਰਬਾਂ ਦੀ ਖੇਡ ਖੇਡੇ,
ਨਾ ਕੋਈ ਕਰੇ ਤਰਲੇ ਰਿਸ਼ਤੇਦਾਰੀਆਂ ਨੂੰ।

ਅੱਗੇ ਵਧਣ ਦਾ ਸਭ ਨੂੰ ਮਿਲੇ ਮੌਕਾ,
ਪੂਰਾ ਕਰਨ ਲਈ ਮਨੋ-ਉਡਾਰੀਆਂ ਨੂੰ।

ਨਾ ਕੋਈ ਧਰਮ ਤੇ ਜਾਤ ਦਾ ਰਹੇ ਰੌਲ਼ਾ,
ਸਿਸਟਮ ਨੱਥ ਪਾਵੇ ਟੂਣੇਹਾਰੀਆਂ ਨੂੰ।

'ਮਾਣੋਚਾਹਲੀਆ' ਜੇ ਇਨਕਲਾਬ ਕਰਨਾ,
'ਕੱਠਾ ਕਰਨਾ ਪਊ ਤਾਕਤਾਂ ਸਾਰੀਆਂ ਨੂੰ।



Scanned with OKEN Scanner
Scanned with OKEN Scanner

## 4. ਸ

ਸੱਸਾ ਸੌਂਦਾ ਸਾਧ ਨੂੰ ਜੇਲ੍ਹ ਵਿੱਚੋਂ,
ਫ਼ਰਲੋ ਮਿਲ ਜਾਂਦੀ ਸੱਤ ਵਾਰ ਯਾਰੋ।

ਸਜ਼ਾ-ਯਾਫ਼ਤਾ ਉਹ ਹੈ ਬਲਾਤਕਾਰੀ,
ਦਿੱਤੇ ਨਾਬਰ ਗੱਡੀ ਉਸ ਚਾੜ੍ਹ ਯਾਰੋ।

ਉਹਦੇ ਹੱਥ 'ਚ ਤੋਲ ਹੈ ਕੁਰਸੀਆਂ ਦਾ,
ਰਾਜਨੀਤੀ ਉਹਦੀ ਹੋਈ ਸ਼ਿਕਾਰ ਯਾਰੋ।

ਤੀਹਾਂ ਸਾਲਾਂ ਤੋਂ ਬੈਠੇ ਕਈ ਜੇਲ੍ਹ ਅੰਦਰ,
ਹੋ ਗਏ ਨੀਮ ਪਾਗ਼ਲ ਅਤੇ ਬਿਮਾਰ ਯਾਰੋ।

ਇਕ ਦਿਨ ਦੀ ਮਿਲ਼ੀ ਨਾ ਕਦੇ ਫ਼ਰਲੋ,
ਪਿੱਛੋਂ ਤੁਰ ਗਏ ਜੀਅ-ਪਰਿਵਾਰ ਯਾਰੋ।

ਇਕ ਦੇਸ਼, ਕਨੂੰਨ ਜੇ ਦੋ ਚੱਲਣੇ,
ਅਤਿਵਾਦੀਏ ਹੀ ਹੋਣੇ ਤਿਆਰ ਯਾਰੋ।

'ਚਾਹਲ' ਕੱਟ ਲਈ ਜਿਹਨਾਂ ਸਜ਼ਾ ਪੂਰੀ,
ਕੱਢੋ ਉਹਨਾਂ ਨੂੰ ਜੇਲ੍ਹਾਂ ਚੋਂ ਬਾਹਰ ਯਾਰੋ।



Scanned with OKEN Scanner
Scanned with OKEN Scanner

## 5. ਹ

ਹਾਹਾ ਹੋਇਆ ਗਰੀਬਾਂ ਦਾ ਹਾਲ ਮਾੜਾ,
ਦੁੱਖ ਭੁੱਖ ਗਰੀਬਾਂ ਨੂੰ ਪਿਆ ਜਰਨਾ ।

ਰਾਜ ਸੱਤਾ ਲੁਟੇਰੇ ਦੇ ਹੱਥ ਆ ਗਈ,
ਤੋਪਾ ਵੇਲ਼ੇ ਨਾ ਇਹਦਾ ਹੁਣ ਪਊ ਭਰਨਾ।

ਸ਼ਾਹੂਕਾਰਾਂ ਨੇ ਖ਼ੂਨ ਨਿਚੋੜ ਪੀਤਾ,
ਟੈਕਸ ਲਾ ਕੇ ਜਿਹਨਾਂ ਨੇ ਢਿੱਡ ਭਰਨਾ।

ਫ੍ਰੀ ਸਿੱਖਿਆ, ਸਿਹਤ, ਨਾ ਕੰਮ ਕਿਧਰੇ,
ਸਾਧਨਹੀਣਾਂ ਨੇ ਇਲਾਜ ਤੋਂ ਬਿਨਾਂ ਮਰਨਾ।

ਪੜ੍ਹੇ ਲਿਖੇ ਨੂੰ ਮਿਲਦੀ ਨੌਕਰੀ ਨਹੀਂ,
ਜਥੇਬੰਦ ਹੋਏ ਬਿਨਾਂ ਤੇਰਾ ਨਹੀਂ ਸਰਨਾ।

ਦੌਲਤ ਸ਼ਾਹਾਂ ਦੀ ਛੂੰਹਦੀ ਅੰਬਰਾਂ ਨੂੰ,
ਕਰਨੀ ਪੱਧਰੀ ਜੇ ਮਿੱਤਰਾ, ਪਊ ਲੜਨਾ।

ਕਿੰਨੇ ਚਿਰ ਤੋਂ ਲੰਮੀਆਂ ਤਾਣ ਸੁੱਤਾ,
ਉੱਠ ਜਾਗ ਹੁਣ ਸੰਨ੍ਹ ਤੋਂ ਚੋਰ ਫੜ੍ਹਨਾ।

ਏਕਾ ਕਰ, ਉਸਾਰ ਲੈ ਜਥੇਬੰਦੀ,
ਲਾਲ ਝੰਡੇ ਨੂੰ ਉੱਚਾ 'ਚਾਹਲ' ਕਰਨਾ।



Scanned with OKEN Scanner
Scanned with OKEN Scanner

## 6. ਕ

ਕੱਕਾ ਕੰਮੀਆਂ ਦਾ ਜਾ ਕੇ ਵੇਖ ਵਿਹੜਾ,
ਉਹ ਵੀ ਸਾਡੇ ਈ ਭੈਣ ਤੇ ਭਾਈ ਰੱਬਾ।

ਜਦੋਂ ਏਕ ਹੀ ਪਿਤਾ ਦੇ ਹਮ ਬਾਰਿਕ,
ਫਿਰ ਉਹਨਾਂ ਨਾ ਕਾਹਦੀ ਲੜਾਈ ਰੱਬਾ।

ਇਕੋ ਕੋਠੜੀ ਚੌਂਕੇ ਤੇ ਗਾਂ ਬੱਧੀ,
ਟੁੱਟੀ ਮੰਜੀ ਤੇ ਪਾਟੀ ਰਜਾਈ ਰੱਬਾ।

ਖ਼ਾਵੰਦ ਗਿਆ ਦਿਹਾੜੀ ਲਾਵਣੇ ਲਈ,
ਤੀਵੀਂ ਗੋਹੇ ਲਈ ਟੋਕਰੀ ਚਾਈ ਰੱਬਾ।

ਕਦੇ ਮਿਲੇ ਦਿਹਾੜੀ ਤੇ ਕਦੇ ਖ਼ਾਲੀ,
ਵਿਹਲੇ ਬਹਿ ਕੇ ਸਾਰੀ ਲੰਘਾਈ ਰੱਬਾ।

ਦਾਲ ਰੋਟੀ ਨਾ ਜਿਸ ਦੀ ਚੱਲਦੀ ਏ,
ਉਹਦੇ ਬੱਚੇ ਕਿਵੇਂ ਕਰਨ ਪੜ੍ਹਾਈ ਰੱਬਾ।

ਨਿੱਕਾ ਛੋਕਰਾ ਜਦੋਂ ਬਿਮਾਰ ਹੋਇਆ,
ਵੱਡੇ ਡਾਕਟਰ ਨੇ ਨਾਂਹ ਫ਼ੁਰਮਾਈ ਰੱਬਾ।

ਧੀ ਹੋਈ ਮੁਟਿਆਰ ਵਿਆਹੁਣ ਜੋਗੀ,
ਉੱਚੀ ਹਵੇਲੀ ਦੇ ਮਨ ਨੂੰ ਭਾਈ ਰੱਬਾ।



Scanned with OKEN Scanner
Scanned with OKEN Scanner

ਵੇਖ ਕੰਮੀ ਕਮੀਣ ਦੀ ਇਜ਼ਤ ਕਾਹਦੀ,
ਦੜ ਵੱਟ ਉਸ ਜਾਨ ਬਚਾਈ ਰੱਬਾ।

ਇਕ ਪਾਸੇ ਮਹੱਲਾਂ ਚ ਰਹਿਣ ਵਾਲੇ,
ਕੁੱਲੀ ਜਾਣ ਗ਼ਰੀਬ ਦੀ ਢਾਹੀ ਰੱਬਾ।

ਹਜ਼ਾਰਾਂ ਏਕੜਾਂ ਦੇ ਮਾਲਕ ਹੈਨ ਏਥੇ,
ਫ਼ਿਕਰ ਉਹਨਾਂ ਨੂੰ ਦਿਸੇ ਨਾ ਕਾਈ ਰੱਬਾ।

ਜੇ ਤੂੰ ਰੱਬ ਹੈਂ ਤੇ ਪਿਤਾ ਸਾਰਿਆਂ ਦਾ,
ਹਿੱਸੇ ਇਹਨਾਂ ਦੇ ਗ਼ੁਰਬਤ ਕਿਉਂ ਆਈ ਰੱਬਾ ?

ਕਾਹਦਾ ਰੱਬ ਤੂੰ, ਕਾਹਦਾ ਇਨਸਾਫ਼ ਤੇਰਾ ?
ਮਗਰ ਫਿਰਦਾਂ ਤੂੰ ਕਈਆਂ ਨੂੰ ਲਾਈ ਰੱਬਾ।

ਦੱਸ ਇਹਨਾਂ ਨੇ ਕਿਹੜਾ ਗ਼ੁਨਾਹ ਕੀਤਾ ?
ਸਜ਼ਾ ਇਹਨਾਂ ਨੂੰ ਭਾਰੀ ਕਿਉਂ ਲਾਈ ਰੱਬਾ ?

ਤੈਨੂੰ ਇਹਨਾਂ ਤੇ ਕਿਉਂ ਨਹੀਂ ਤਰਸ ਆਉਂਦਾ ?
ਰੂਹ ਜਿਹਨਾਂ ਦੀ ਜਾਏ ਕੁਰਲਾਈ ਰੱਬਾ।

ਜੇਕਰ ਇਹਨਾਂ ਤੋਂ ਤੈਨੂੰ ਹੈ ਬੋ ਆਉਂਦੀ,
ਨਾ ਤੂੰ ਰੱਬ ਤੇ ਨਾ ਰੱਬ ਦਾ ਭਾਈ ਰੱਬਾ।

'ਚਾਹਲ' ਚੰਗੀ ਨਹੀਂ ਤੇਰੀ ਇਹ ਕਾਰਵਾਈ,
ਮੇਰੇ ਮਨ ਨੂੰ ਜ਼ਰਾ ਨਹੀਂ ਭਾਈ ਰੱਬਾ।

ਗੁੱਸਾ ਕਰੀਂ ਨਾ 'ਚਾਹਲ' ਤੇ ਤੂੰ ਭੋਰਾ,
ਮੈਂ ਨਹੀਂ ਮੰਨਦਾ ਤੇਰੀ ਖ਼ੁਦਾਈ ਰੱਬਾ।



Scanned with OKEN Scanner
Scanned with OKEN Scanner

## 7. ਖ

ਖੱਖਾ ਖੂਹ ਚ ਪਈ ਪੜ੍ਹਾਈ ਸਾਰੀ,
ਮੁੰਡੇ ਸੜਕਾਂ ਤੇ ਘੱਟਾ ਪਏ ਛਾਣਦੇ ਨੇ।

ਕਈ ਐਮ ਏ ਤੇ ਕਈ ਡਬਲ ਐਮ ਏ,
ਕਈ ਟੈਕਨੀਕਲ ਵਿਦਿਆ ਜਾਣਦੇ ਨੇ।

ਕਿਸੇ ਪੀ ਟੈਟ, ਕਿਸੇ ਨੇ ਸੀ ਟੈਟ
ਪਾਸ ਕੀਤਾ, ਹਾਕਮ ਸਭ ਜਾਣਦੇ ਨੇ।

ਵਿਹਲੇ ਰੱਖ ਕੇ ਨੌਜਵਾਨ ਮੁੰਡੇ,
ਆਪ ਰੱਜ ਵਜ਼ੀਰੀਆਂ ਮਾਣਦੇ ਨੇ।

ਵਾਅਦੇ ਕਰਕੇ ਸੌ ਸੌ, ਲਈਆਂ ਵੋਟਾਂ,
ਹੁਣ ਕਿਸੇ ਨੂੰ ਨਾ ਸਿਆਣਦੇ ਨੇ।

ਦੰਦ ਹਾਥੀ ਦੇ ਖਾਣ ਨੂੰ ਹੋਰ ਹੁੰਦੇ,
ਹੁੰਦੇ ਹੋਰ ਹੀ ਰੰਗ ਵਿਖਾਣ ਦੇ ਨੇ।

ਬੇਰੁਜ਼ਗਾਰੀ ਨੇ 'ਚਾਹਲਾ' ਮੱਤ ਮਾਰੀ,
ਤਾਂਹੀਉਂ ਲਾਲ ਝੰਡੇ ਹੇਠ ਮੁੱਕੇ ਤਾਣਦੇ ਨੇ।



Scanned with OKEN Scanner
Scanned with OKEN Scanner

## 8 . ਗ

ਗੱਗਾ ਗੋਬਿੰਦ ਦੀ ਰੀਸ ਕਰੂ ਕਿਹੜਾ,
ਜੀਹਨੇ ਪੰਥ ਤੋਂ ਪੁੱਤਰ ਵਾਰ ਦਿੱਤੇ।

ਮਾਂ ਨੇ ਪੁੱਛਿਆ ਕਿੱਥੇ ਨੇ ਪੁੱਤ ਮੇਰੇ,
ਕਹਿੰਦੇ ਤੈਨੂੰ ਇਹ ਕਈ ਹਜ਼ਾਰ ਦਿੱਤੇ।

ਮਾਂ ਬਾਪ ਵੀ ਪੰਥ ਨੂੰ ਭੇਟ ਕਰਕੇ,
ਉਹਨਾਂ ਸਿੱਖੀ ਨੂੰ ਨਵੇਂ ਮਿਆਰ ਦਿੱਤੇ।

ਜੰਗ ਜਬਰ ਤੇ ਜ਼ੁਲਮ ਖ਼ਿਲਾਫ਼ ਲੜ ਕੇ,
ਹਿਰਦੇ ਕਈ ਮਜ਼ਲੂਮਾਂ ਦੇ ਠਾਰ ਦਿੱਤੇ।

ਨਹੀਂ ਹੁਕਮ ਚਲਾਇਆ ਕਿਸੇ ਉੱਤੇ,
ਬਹਿ ਕੇ ਸੰਗਤ ਦੇ ਵਿੱਚ ਵਿਚਾਰ ਦਿੱਤੇ।

ਇੱਥੇ ਲੋਕਾਂ ਦੇ ਪੁੱਤ ਕੁਰਬਾਨ ਹੋ ਗਏ,
'ਚਾਹਲ' ਆਗੂਆਂ ਨੇ ਭੇਜ ਬਾਹਰ ਦਿੱਤੇ।



Scanned with OKEN Scanner
Scanned with OKEN Scanner

## ੭. ਘ

ਘੱਗਾ ਘਾਲਿ ਖਾਇ, ਹਥੋਂ ਦਏ ਜਿਹੜਾ,
ਓਹੀਓ ਰਾਹ ਸਚਾਈ ਦਾ ਜਾਣਦਾ ਏ।

ਮਿੱਠਾ ਬੋਲੇ ਤੇ ਨਿਉਂ ਕੇ ਹੋਏ ਗਾਉਰਾ,
ਓਹੀਓ ਨਾਨਕ ਦਾ ਰਾਹ ਪਛਾਣਦਾ ਏ।

ਫਿੱਕਾ ਬੋਲਿਆਂ ਤਨ ਮਨ ਹੋਏ ਫਿੱਕਾ,
ਚੰਗਾ ਸਿਲਾ ਨਾ ਫਿੱਕਾ ਸਦਾਣ ਦਾ ਏ।

ਕਾਮ ਕ੍ਰੋਧ ਸਰੀਰ ਦਾ ਨਾਸ਼ ਕਰਦਾ,
ਹੱਕ ਨਹੀਂ ਕੋਈ ਖੋਹ ਕੇ ਖਾਣ ਦਾ ਏ।

ਲੋਭ, ਮੋਹ, ਹੰਕਾਰ ਤੇ ਲਾਏ ਕੁੰਡਾ,
ਨਹੀਂ ਫ਼ਾਇਦਾ ਕੋਈ ਵੈਰ ਵਧਾਣ ਦਾ ਏ।

ਤਕੜੇ ਨਾਲ ਤਾਂ ਸਾਰੇ ਖੜੋ ਜਾਂਦੇ,
ਸਿੱਖ ਓਹੀਓ ਜੋ ਮਾੜੇ ਦੇ ਹਾਣਦਾ ਏ।

ਸਿੱਖੀ ਸਿਲ਼ ਅਲੂਣੀ ਸੁਣ 'ਚਾਹਲਾ'
ਔਖਾ ਰਾਹ ਬੜਾ ਸਿੱਖ ਅਖਵਾਣ ਦਾ ਏ।



Scanned with OKEN Scanner
Scanned with OKEN Scanner

## ੧੦.੫

ਡੰਗਾ ਕੰਙਣਾ ਦੀ ਲੋਕ ਕਰਨ ਚਰਚਾ,
ਕਹਿੰਦੇ ਪੁੱਠੀ ਹੀ ਕਰਦੀ ਆ ਗੱਲ ਲੋਕੋ।

ਕਦੇ ਕਹੇ ਕਿਸਾਨਾਂ ਨੂੰ ਹੈਨ ਵਿਹਲੇ,
ਲੈਂਦੇ ਤੀਜੇ ਦਿਨ ਸੜਕਾਂ ਮੱਲ ਲੋਕੋ।

ਪੱਗ ਵਾਲ਼ੇ ਨੂੰ ਸਮਝਦੀ ਅਤਿਵਾਦੀ,
ਮਨ 'ਚ ਖੌਲ਼ਦੀ ਨਫ਼ਰਤ ਦੀ ਛੱਲ ਲੋਕੋ।

ਲੋਕਾਂ ਵਿਚ ਉਹ ਵੰਡੀਆਂ ਪਾਉਣ ਖਾਤਰ,
ਮਾਰੇ ਫ਼ਿਰਕੂ ਬਿਆਨਾਂ ਦੀ ਝੱਲ ਲੋਕੋ।

ਹੋ ਕੇ ਸਾਂਸਦ ਤੇ ਬਹਿਸਦੀ ਰਾਖਿਆਂ ਨਾ,
ਬੋਲ ਚਾਲ਼ ਦਾ ਉਹਨੂੰ ਨਾ ਵੱਲ ਲੋਕੋ।

'ਚਾਹਲ' ਲੋਕ ਪੰਜਾਬੀ ਹਨ ਸਿਆਣੇ,
ਨਹੀਂ ਲਾਹੁੰਦੇ ਉਹ ਵਾਲ਼ ਦੀ ਖੱਲ ਲੋਕੋ।



Scanned with OKEN Scanner
Scanned with OKEN Scanner

# 11. ਚ

ਚੱਚਾ ਚੋਰਾਂ ਨੇ ਅੱਜ ਕੱਲ੍ਹ ਢੰਗ ਬਦਲੇ,
ਕੰਧ ਪਾੜ ਕੇ ਸੰਨ੍ਹ ਨਾ ਲਾਉਣ ਸ਼ੋਹਦੇ।

ਕੱਲ੍ਹੇ ਕਾਰੇ ਨੂੰ ਵੇਖ ਕੇ ਝਪਟ ਮਾਰਨ,
ਪਰਸ ਅਤੇ ਮੋਬਾਈਲ ਚੁਰਾਉਣ ਸ਼ੋਹਦੇ।

ਹੱਥ ਮੱਥੇ ਨੂੰ ਮਾਰਨ ਔਰਤਾਂ ਕਈ,
ਜਦੋਂ ਚੈਨੀਆਂ ਗਲ਼ਾਂ ਚੋਂ ਲਾਹੁਣ ਸ਼ੋਹਦੇ।

ਕੁਝ ਹੋਰ ਵੀ ਚੋਰ ਹਨ ਸਾਫ਼ ਸੁਥਰੇ,
ਸਾਈਬਰ ਠੱਗੀ ਦਾ ਢੰਗ ਅਪਨਾਉਣ ਸ਼ੋਹਦੇ।

ਮਿੰਟਾਂ ਸੈਕਿੰਡਾਂ ਚ ਖ਼ਾਤਾ ਸਾਫ਼ ਕਰਦੇ,
ਹੱਥ ਜਿਹੜੀ ਉਹ ਸਾਮੀ ਨੂੰ ਪਾਉਣ ਸ਼ੋਹਦੇ।

ਇਕ ਨਵੀਂ ਵੰਨਗੀ ਇਹਨਾਂ ਭੱਦਰਾਂ ਦੀ,
ਵਹੀਕਲਾਂ ਨੂੰ ਥੁੱਕ ਜੋ ਲਾਉਣ ਸ਼ੋਹਦੇ।

ਪਤਾ ਨਹੀਂ ਪੁਲਿਸ ਪੰਜਾਬ ਦੀ ਕੀ ਕਰਦੀ ?
ਚੋਰੀ ਕਰ ਕਿਉਂ ਹੱਥ ਨਾ ਆਉਣ ਸ਼ੋਹਦੇ ?

ਕੁਝ ਚੋਰ ਬਹਿ ਕੇ ਏ ਸੀ ਰੂਮ ਅੰਦਰ,
ਕਰਜ਼ੇ ਲੱਖਾਂ ਕਰੋੜਾਂ ਦੇ ਪਾਉਣ ਸ਼ੋਹਦੇ।



Scanned with OKEN Scanner
Scanned with OKEN Scanner

ਸੱਤਾ ਨਾਲ਼ ਉਹ ਹੱਥ ਮਿਲਾ ਕੇ ਤੇ,
ਸਣੇ ਸੂਦ ਫਿਰ ਮੁਆਫ਼ ਕਰਾਉਣ ਸ਼ੋਹਦੇ।

ਕਿਧਰੇ ਟੈਕਸਾਂ ਦੀ ਚੋਰੀ ਕਰਨ ਖ਼ਾਤਰ,
ਲੇਖਾ-ਪੱਤਾ ਕਈ ਡਬਲ ਬਣਾਉਣ ਸ਼ੋਹਦੇ।

ਸਭ ਤੋਂ ਮਾੜੇ ਉਹ ਚੋਰ ਮਨੁੱਖਤਾ ਲਈ,
ਜ਼ਹਿਰ ਖਾਣਿਆਂ ਵਿਚ ਮਿਲਾਉਣ ਸ਼ੋਹਦੇ।

ਬੇੜੀ ਡੁੱਬ ਜਾਣੀ ਇਸ ਦੇਸ਼ ਦੀ ਏ,
ਰਲ਼ ਮਿਲ਼ ਕੇ ਵੱਟੇ ਇਹ ਪਾਉਣ ਸ਼ੋਹਦੇ।

ਮਾਣੋਚਾਹਲੀਆ ਰਲ਼ ਗਏ ਚੋਰ ਕੁੱਤੀ,
ਲੋਕ ਇਕੱਠੇ ਹੋ ਕੇ ਅੱਗੇ ਲਾਉਣ ਸ਼ੋਹਦੇ।



Scanned with OKEN Scanner
Scanned with OKEN Scanner

## 12. ਛ

ਛੱਛਾ ਛੱਡ ਉਪਦੇਸ਼ ਡੇਰੇਦਾਰ ਬਾਬੇ,
ਕਰਦੇ ਪਏ ਨੇ ਅੱਜ ਵਪਾਰ ਵੀਰੋ।

ਕਾਰ-ਸੇਵਾ ਦੇ ਨਾਂ ਤੇ ਲੈਣ ਮਾਇਆ,
ਸਕੂਲ ਕਾਲਜ ਕਰਨ ਤਿਆਰ ਵੀਰੋ ।

ਦੇਣੀ ਤਨਖ਼ਾਹ ਥੋੜ੍ਹੀ, ਲੈਣੀ ਫੀਸ ਵਾਧੂ,
ਕਿੰਨਾ ਵਧੀਆ ਇਹ ਕਾਰੋਬਾਰ ਵੀਰੋ ।

ਲੋਕ ਧਰਮ ਦੇ ਨਸ਼ੇ ਵਿਚ ਧੁੱਤ ਹੋਏ,
ਬਣੇ ਬਾਬਿਆਂ ਦੇ ਸੇਵਾਦਾਰ ਵੀਰੋ।

ਲੇਬਰ ਮੁਫ਼ਤ ਦੀ, ਮਾਇਆ ਸੰਗਤਾਂ ਦੀ,
ਬਾਬੇ ਦੇਣ ਇਮਾਰਤਾਂ ਉਸਾਰ ਵੀਰੋ।

ਨਾਲ਼ੇ ਪੁੰਨ ਤੇ ਨਾਲ਼ੇ ਲੈਣ ਫਲੀਆਂ,
'ਚਾਹਲ' ਵੱਸਦਾ ਰਹੇ ਸੰਸਾਰ ਵੀਰੋ ।



Scanned with OKEN Scanner
Scanned with OKEN Scanner

## 13. ਜ

ਜੱਜਾ ਜੀਹਦੇ ਕੋਲ਼ ਅਕਲ ਦਾ ਨਹੀਂ ਖ਼ਾਨਾ,
ਉਹ ਸਰਕਾਰ ਨੂੰ ਦੇਵੇ ਸ਼ਲਾਹ ਬੇਲੀ।

ਆਹ ਜੋ ਕਰਨ ਮੁਜ਼ਾਹਰੇ ਸੜਕ ਉੱਤੇ,
ਕੱਟੋ ਉਹਨਾਂ ਦੀ ਅੱਧੀ ਤਨਖ਼ਾਹ ਬੇਲੀ।

ਡੱਕਾ ਭੰਨ ਕੇ ਕਰਦੇ ਨਹੀਂ ਇਹ ਦੂਹਰਾ,
ਐਵੇਂ ਝਗੜਦੇ ਖਾਹ ਮਖਾਹ ਬੇਲੀ।

ਆਪ ਸਕੂਲ ਦੇ ਨੇੜਿਉਂ ਲੰਘਿਆ ਨਹੀਂ,
ਪਰ ਉਸਤਾਦਾਂ ਦੇ ਛਾਣੇ ਗੁਨਾਹ ਬੇਲੀ।

ਨਿਯਮ ਕੀ ਹੁੰਦੇ ਓਹਦੀ ਬਲਾਅ ਜਾਣੇ,
ਓਹਨੂੰ ਨਿਯਮਾਂ ਦੀ ਕੀ ਪਰਵਾਹ ਬੇਲੀ।

ਨਿਯਮਾਂ ਤਹਿਤ ਹੀ ਕੋਈ ਸਰਕਾਰ ਚੱਲੇ,
ਬਿਨਾਂ ਨਿਯਮਾਂ ਦੇ ਬੇੜਾ ਤਬਾਹ ਬੇਲੀ।

ਨਿਯਮਾਂ ਤਹਿਤ ਹੀ ਲੋਕੀਂ ਹੱਕ ਮੰਗਣ,
'ਚਾਹਲ' ਸੱਤਾ ਤੇ ਪਾਉਣ ਦਬਾਅ ਬੇਲੀ।



Scanned with OKEN Scanner
Scanned with OKEN Scanner

## 14. ਝ

ਝੱਜਾ ਝੰਡਾ ਸੀ ਚੁੱਕ ਬਰਾਬਰੀ ਦਾ,
ਮੂੰਹ ਮੋੜ ਦਿੱਤਾ ਸ਼ਾਹੀ ਲਾਣਿਆਂ ਦਾ।

ਊਚ ਨੀਚ ਮਿਟਾਉਣ ਲਈ ਜੱਗ ਵਿੱਚੋਂ,
ਬਾਬੇ ਪੂਰਿਆ ਪੱਖ ਮਰਦਾਨਿਆਂ ਦਾ।

ਕਹਿੰਦੇ ਜਾਤ ਦਾ ਨਹੀਂ ਹੰਕਾਰ ਕਰਨਾ,
ਇਕੋ ਬਾਪ ਹੈ ਸਾਰੇ ਜਾਣਿਆਂ ਦਾ।

ਸਾਰੇ ਬੈਠਣਗੇ ਲੰਗਰ 'ਚ ਇਕ ਪੰਗਤੇ,
ਰੁਤਬਾ ਇਕੋ ਜਿਹਾ ਰੰਕ ਤੇ ਰਾਣਿਆਂ ਦਾ।

ਡਿੱਗੇ ਪਏ ਨੂੰ ਉਠਾਉਣ ਦਾ ਕਰੋ ਹੀਲਾ,
ਬਣ ਕੇ ਤਾਣ ਰਹੋ ਸਦਾ ਨਿਤਾਣਿਆਂ ਦਾ।

ਮਾੜਾ ਜਾਣ ਕੇ ਕਰਨਾ ਅਪਮਾਨ ਨਾਹੀਂ,
ਮਾਣ ਰੱਖਣਾ ਸਦਾ ਨਿਮਾਣਿਆਂ ਦਾ।

ਪਰ ਨਹੀਂ ਅੰਦਰੋਂ ਅਸਾਂ ਕਬੂਲ ਕੀਤਾ,
'ਮਾਣੋਚਾਹਲੀਆ' ਕਿਹਾ ਸਿਆਣਿਆਂ ਦਾ।



Scanned with OKEN Scanner
Scanned with OKEN Scanner

## ੧੫. ਵ

ਵੰਙਾ ਜੰਞ ਕੁਪੱਤੀ ਸੁਥਰਾ ਭਲਾ ਮਾਣਸ,
ਕਹਿੰਦੇ ਚੋਰ ਸਾਰੇ, ਗਲੋਂ ਲਾਹ ਦਿਆਂਗੇ।

ਆਮ ਆਦਮੀ ਦੀ ਹੁਣ ਸਰਕਾਰ ਆਈ,
ਜਿੰਨਾ ਕਹੋ ਬਦਲਾਅ ਲਿਆ ਦਿਆਂਗੇ।

'ਕਾਲੀ ਕਾਂਗਰਸੀ ਖਾਂਦੇ ਰਹੇ ਰੇਤ ਬੱਜਰੀ,
ਬੰਦੇ ਆਪਣੇ ਵੀ ਅਸੀਂ ਰਜਾ ਦਿਆਂਗੇ।

ਚੋਣਾਂ ਲੜਾਂਗੇ ਗੋਆ ਗੁਜਰਾਤ ਜਾ ਕੇ,
ਖ਼ਰਚਾ ਖ਼ਾਤੇ ਪੰਜਾਬ ਦੇ ਪਾ ਦਿਆਂਗੇ।

ਢਿੱਡ ਦੁਖਿਆ ਤੇ ਫੋਰਟਿਸ ਪਹੁੰਚ ਜਾਂ ਗੇ,
ਮਹੱਲਾ ਕਲੀਨਿਕ ਤਹਾਨੂੰ ਬਣਾ ਦਿਆਂਗੇ।

ਜਿਹੜਾ ਪੁੱਛੇਗਾ ਕੋਈ ਸਵਾਲ ਸਾਨੂੰ,
ਉਹਨੂੰ ਜੇਲ੍ਹ ਦੇ ਵਿੱਚ ਪੁਚਾ ਦਿਆਂਗੇ।

'ਚਾਹਲ' ਬੱਚੇ ਪੜ੍ਹਾਉਣ ਦੀ ਲੋੜ ਕੋਈ ਨਾ,
ਮਾਸਟਰ ਗੇਟ ਦੇ ਮੂਹਰੇ ਖੜ੍ਹਾ ਦਿਆਂਗੇ।

ਐਮ ਐਲ ਏ ਨੂੰ ਪਊ ਸਲੂਟ ਕਰਨਾ,
ਨਹੀਂ ਤਾਂ ਚੰਡੀਗੜ੍ਹ ਪੇਸ਼ੀ ਕਰਾਂ ਦਿਆਂਗੇ।



Scanned with OKEN Scanner
Scanned with OKEN Scanner

## 16. ਟ

ਟੈਂਕਾ ਟੋਲਾ ਇਹ ਮੌਕਾਪ੍ਰਸਤਾਂ ਦਾ,
ਤਵਾ ਲਾਈ ਜਾਂਦਾ ਰੋਜ਼ ਇਹ ਕਹਿ ਕੇ।

ਦਿੱਤਾ ਡੋਬ ਸੁਖਬੀਰ ਨੇ ਦਲ 'ਕਾਲੀ,
ਕਰ ਕੇ ਗਲਤੀਆਂ, ਸਾਡੀ ਹੁਣ ਜਾਨ ਸਹਿਕੇ।

ਗੱਲ ਕਰਦੇ ਭੋਰਾ ਵੀ ਸੰਗਦੇ ਨਹੀਂ,
ਛਕਦੇ ਰਹੇ ਮਲਾਈਆਂ ਨਾਲ਼ ਬਹਿ ਕੇ।

ਨਵਾਂ ਚੋਲ਼ਾ ਸੰਵਾਇ ਕੇ ਭੇਟ ਕੀਤਾ,
ਜਾ ਕੇ ਸਾਧ ਦੇ ਚਰਨੀਂ ਆਪ ਢਹਿ ਕੇ।

ਜਦੋਂ ਬੇਅਦਬੀ ਹੋਈ ਗੁਰੂ ਗ੍ਰੰਥ ਵਾਲ਼ੀ,
ਉਦੋਂ ਬੋਲੇ ਨਹੀਂ ਵਿਚ ਸਰਕਾਰ ਰਹਿ ਕੇ।

ਫਿਰ ਲੋਕਾਂ ਇਨਸਾਫ਼ ਦੀ ਮੰਗ ਕੀਤੀ,
ਹੋਏ ਸ਼ਹੀਦ ਸੀ ਪੁਲਿਸ ਦੀ ਮਾਰ ਸਹਿ ਕੇ।

ਫਿਰ ਵੀ ਬੋਲੇ ਨਹੀਂ ਮੌਜਾਂ ਮਾਣਦੇ ਰਹੇ,
ਬੇੜੀ ਡੋਬ ਦਿੱਤੀ ਰੱਬ ਦਾ ਨਾਂ ਲੈ ਕੇ।



Scanned with OKEN Scanner
Scanned with OKEN Scanner

ਸੌਦਾ ਸਾਧ ਨੂੰ ਮੁਆਫ਼ੀਆਂ ਦੇ ਕੇ ਤੇ,
ਵਾਲੀ ਪੰਥ ਦੇ ਫੁੱਲਾਂ ਵਾਂਗ ਟਹਿਕੇ।

ਇਕ ਝੂਠ ਨੂੰ ਸੱਚ ਬਣਾਵਣੇ ਲਈ,
ਨੱਬੇ ਲੱਖ ਖ਼ਰਚੇ ਚੋਰ ਨੂੰ ਸਾਧ ਕਹਿ ਕੇ।

ਰਲ਼ ਮਿਲ਼ ਸਾਰਿਆਂ ਬੇੜੀ ਚ ਪਾਏ ਵੱਟੇ,
'ਚਾਹਲਾ' ਡੁੱਬਦੀ ਚੋਂ ਨਿਕਲੇ ਬਹਿ ਬਹਿ ਕੇ।



Scanned with OKEN Scanner
Scanned with OKEN Scanner

## ੧੭. ਠ

ਠੱਠਾ ਠਾਹ ਸੋਟਾ ਮਾਰਨਾ ਛੱਡ ਦੇਵੋ,
ਐਵੇਂ ਪਾਣੀ 'ਚ ਲੀਕ ਕਿਉਂ ਲਾਈ ਲੋਕੋ।

ਧੂੰਆਂ ਹੈ ਪੰਜਾਬ ਵਿੱਚ ਹੋਇਆ ਪੈਦਾ,
ਜਦੋਂ ਅੱਗ ਪਰਾਲ਼ੀ ਨੂੰ ਲਾਈ ਲੋਕੋ।

ਕਹਿੰਦੇ ਟੱਪ ਹਰਿਆਣੇ ਨੂੰ ਜਾ ਵੜਿਆ,
ਦਿੱਲੀ ਕਿਵੇਂ ? ਇਹ ਸਮਝ ਨਾ ਆਈ ਲੋਕੋ।

ਕਾਰਖ਼ਾਨੇ ਦੀ ਚਿਮਨੀ ਜ਼ਹਿਰ ਉਗਲੇ,
ਦਿਸਦੀ ਨਹੀਂ, ਇਹ ਕਾਹਦੀ ਦਨਾਈ ਲੋਕੋ।

ਸਭ ਨੂੰ ਧੂੰਆਂ ਪਰਾਲੀ ਦਾ ਦਿਸੀ ਜਾਂਦਾ,
ਦਿਸਦੀ ਫ਼ਸਲ ਨਾ ਮੰਡੀ 'ਚ ਆਈ ਲੋਕੋ।

ਡੀ ਏ ਪੀ ਬਜ਼ਾਰ ਵਿਚ ਲੱਭਦੀ ਨਹੀਂ,
ਕਿਵੇਂ ਕਰਨੀ ਕਿਸਾਨ ਬਿਜਾਈ ਲੋਕੋ।

ਝੋਨਾ ਮੰਡੀ ਦੇ ਵਿਚ ਹੈ ਪਿਆ ਰੁਲ਼ਦਾ,
ਖ਼ਾਕੀ ਧੂੰਏਂ ਦਾ ਚਲਾਣ ਕਰ ਆਈ ਲੋਕੋ।



Scanned with OKEN Scanner
Scanned with OKEN Scanner

ਐਮ ਐਸ ਪੀ ਮਿਲ਼ੇ ਨਾ ਲਾਭ ਦੇ ਕੇ,
ਕਿਸਾਨ ਸਭਾ ਤਾਂ ਹੀ ਬਣਾਈ ਲੋਕੋ।

ਕਿਸਾਨ ਕਿਉਂ ਨਹੀਂ ਸਮਝਦੇ ਰੱਬ ਜਾਣੇ,
ਨਾੜ ਸਾੜਿਆਂ ਲਾਭ ਨਾ ਕਾਈ ਲੋਕੋ।

ਮੈਂ ਨਹੀਂ ਆਖਦਾ ਇਹ ਕੋਈ ਗੱਲ ਚੰਗੀ,
ਹੱਲ ਸਸਤਾ ਕੋਈ ਦਿਓ ਸੁਝਾਈ ਲੋਕੋ।

'ਚਾਹਲ' ਸੁਣ ਲਓ ਇਹ ਸਚਾਈ ਵੀਰੋ,
ਨਾ ਇਹ ਕਿਸੇ ਦੇ ਮਨ ਨੂੰ ਭਾਈ ਲੋਕੋ।

ਜੇ ਕਿਸਾਨ ਦੀ ਜੇਬ ਵਿੱਚ ਆਊ ਪੈਸਾ,
ਚੱਲੂ ਸਭ ਦੀ ਆਈ ਚਲਾਈ ਲੋਕੋ।



Scanned with OKEN Scanner
Scanned with OKEN Scanner

## 18. ਡ

ਡੱਡਾ ਡਰ ਤੂੰ ਕਿਸੇ ਦਾ ਮੰਨ ਨਾਹੀਂ,
ਦਰ ਤੇਗ ਬਹਾਦਰ ਦੇ ਜਾਹ ਕਵੀਆ।

ਇਧਰ ਉੱਧਰ ਦੀ ਛੱਡ ਦੇ ਗੱਲ ਕਰਨੀ,
ਸਿੱਧਾ ਤੀਰ ਨਿਸ਼ਾਨੇ ਤੇ ਲਾ ਕਵੀਆ।

ਰਾਜੇ ਪਾਪ ਕਮਾਂਵਦੇ ਵੇਖ ਸਾਹਵੇਂ,
ਰਹੀ ਵਾੜ ਹੀ ਖੇਤ ਨੂੰ ਖਾ ਕਵੀਆ।

ਭ੍ਰਿਸ਼ਟਾਚਾਰ ਮਹਿੰਗਾਈ ਦਾ ਬੋਲਬਾਲਾ,
ਬੇਰੁਜ਼ਗਾਰ ਹੋਏ ਬੇ-ਬਹਾ ਕਵੀਆ।

ਮੌਤੋਂ ਪਹਿਲਾਂ ਹੀ ਹਸਪਤਾਲ ਸਾਡੇ,
ਜਾਂਦੇ ਮਾੜੇ ਮਰੀਜ਼ ਨੂੰ ਖਾ ਕਵੀਆ

ਪੰਜ ਸਾਲ ਪੱਕੇ ਹੋਏ ਸਾਂਸਦਾਂ ਦੇ,
ਫੌਜੀ ਚਹੁੰ ਸਾਲੀਂ ਦੇਣ ਭਜਾ ਕਵੀਆ।

ਮਹਿਲ ਸ਼ਾਹਾਂ ਦੇ ਹੋਈ ਜਾਣ ਉੱਚੇ,
ਕੁੱਲੀ ਗ਼ਰੀਬ ਦੀ ਰਹੇ ਨੇ ਢਾਹ ਕਵੀਆ।

ਹਾਲਤ ਜਵਾਨ ਕਿਸਾਨ ਦੀ ਹੋਈ ਮਾੜੀ,
ਦਿੱਤੇ ਮੰਡੀਆਂ ਵਿੱਚ ਰੁਲਾ ਕਵੀਆ।



Scanned with OKEN Scanner
Scanned with OKEN Scanner

ਵੇਚੀ ਜਾਂਦੇ ਨੇ ਦੇਸ਼ ਦੇ ਰਤਨ ਹੀਰੇ,
ਦੇਸ਼ ਕਰ ਤਾ ਇਹਨਾਂ ਤਬਾਹ ਕਵੀਆ।

ਕਾਮਾ ਫੰਡ ਕਟਾਊ ਤੇ ਲਊ ਪੈਨਸ਼ਨ,
ਹਾਕਮ ਅਰਬਾਂ ਰਹੇ ਕਮਾ ਕਵੀਆ।

ਗਊ ਹੱਤਿਆ ਦੇ ਨਾਂ ਤੇ ਕਤਲ ਹੁੰਦੇ,
ਫਿਰਕਾਪ੍ਰਸਤੀ ਰਹੇ ਫੈਲਾਅ ਕਵੀਆ।

ਦੋਸ਼ੀ ਕੌਣ ਹੈ ਇਹਨਾਂ ਬਿਮਾਰੀਆਂ ਦਾ,
ਭੋਲ਼ੇ ਲੋਕਾਂ ਨੂੰ ਜ਼ਰਾ ਸਮਝਾ ਕਵੀਆ।

ਤੇਰੀ ਕਲਮ ਨੇ ਜੇ ਨਹੀਂ ਸੱਚ ਲਿਖਣਾ,
ਇਹਨੂੰ ਡੂੰਘੀ ਤੂੰ ਦੇਹ ਦਫ਼ਨਾ ਕਵੀਆ।

ਸਿੱਖ ਨਾਨਕ ਤੋਂ ਕਿੰਜ ਹੈ ਸ਼ਾਇਰ ਹੋਣਾ,
ਜੀਹਨੇ ਬਾਬਰ ਨੂੰ ਜਾਬਰ ਕਿਹਾ ਕਵੀਆ।

ਪਹਿਲਾਂ ਗਾਇਆ ਬਥੇਰਾ ਹੀਰ ਰਾਂਝਾ,
'ਚਾਹਲ' ਵਿਚ ਮੈਦਾਨ ਹੁਣ ਆ ਕਵੀਆ।



Scanned with OKEN Scanner
Scanned with OKEN Scanner

## 19. ਢ

ਢੱਡਾ ਢੋਲ ਦੀ ਤਾਲ ਤੇ ਜੋ ਨੱਚਦਾ ਸੀ,
ਉਹ ਪੰਜਾਬ ਹੁਣ ਕਿਧਰੇ ਗਿਆ ਲਗਦਾ।

ਜਿੱਥੇ ਦੁੱਧ ਦੀਆਂ ਨਦੀਆਂ ਵਹਿੰਦੀਆਂ ਸੀ,
ਉੱਥੇ ਨਸ਼ਿਆਂ ਦਾ ਹੁਣ ਦਰਿਆ ਵਗਦਾ।

ਦਾਰੂ ਪੋਸਤ ਤੇ ਅਫੀਮ ਤੋਂ ਅਗਾਂਹ ਲੰਘੇ,
ਚਿੱਟਾ ਅਤੇ ਸਮੈਕ ਛਾ ਗਿਆ ਲਗਦਾ।

ਜਿਹੜਾ ਗੁਰਾਂ ਦੇ ਨਾਂ ਤੇ ਵੱਸਦਾ ਸੀ,
ਓਹਨੂੰ ਸਰਾਪ ਫ਼ਕੀਰ ਦਾ ਪਿਆ ਲਗਦਾ।

ਅਤਿਵਾਦ ਨੇ ਮੁਕਾਈ ਇਕ ਪੀੜ੍ਹੀ,
ਚਿੱਟਾ ਦੂਸਰੀ ਨੂੰ ਖਾ ਗਿਆ ਲਗਦਾ।

ਤੀਜੀ ਵੇਚ ਕੇ ਪਿੱਤਰੀ ਜਾਇਦਾਦਾਂ,
ਚੜ੍ਹ ਜਾਏ ਜਹਾਜ਼ ਜਦ ਦਾਅ ਲਗਦਾ।

ਬੁੱਢੇ ਮਾਪੇ ਉਡੀਕਦੇ ਰਹਿਣ ਪਿੱਛੇ,
ਜੀਹਦਾ ਪੁੱਤ ਪ੍ਰਦੇਸ਼ ਗਿਆ ਲਗਦਾ।

ਐਸੀ ਫਿਜ਼ਾ ਪੰਜਾਬ ਦੀ ਹੋਈ ਮਾੜੀ,
ਸਬਰ ਧੀਆਂ ਦਾ ਵੀ ਮੁੱਕ ਗਿਆ ਲਗਦਾ।

ਰੌਣਕ 'ਚਾਹਲ' ਪੰਜਾਬ ਦੀ ਖੁੱਸ ਚੱਲੀ,
ਸੱਚੇ ਪਾਤਸ਼ਾਹ ਹੀ ਕਰੂ ਬਚਾਅ ਲਗਦਾ।



Scanned with OKEN Scanner
Scanned with OKEN Scanner

## 20. ਣ

ਣਾਣਾ ਤਾਣ ਨਾ ਰਿਹਾ ਅਕਾਲੀਆਂ ਦਾ,
ਜੀਹਨੂੰ ਕਰਦੇ ਸੀ ਲੋਕ ਪ੍ਰਣਾਮ ਲੋਕੋ।

ਸੱਚੀਂ ਅਕਾਲੀ ਦਲ ਕਦੇ ਹੋਂਵਦਾ ਸੀ,
ਸ਼ਾਂਤਮਈ ਸੰਘਰਸ਼ ਦਾ ਨਾਮ ਲੋਕੋ।

ਲਾਇਆ ਮੋਰਚਾ ਗੁਰੂ ਕੇ ਬਾਗ਼ ਵਾਲ਼ਾ,
ਡਾਂਗਾਂ ਖਾਧੀਆਂ ਸੁਭਾ ਤੇ ਸ਼ਾਮ ਲੋਕੋ।

ਲਾ ਕੇ ਜੈਤੋ ਦਾ ਮੋਰਚਾ ਜਿੱਤ ਲਿਆ,
ਤੁਰ ਪਏ ਪਿੰਡ ਤੇ ਜਦੋਂ ਗ੍ਰਾਮ ਲੋਕੋ।

ਫੇਰ ਮੁਲਕ ਅਜ਼ਾਦ ਕਰਾਵਣੇ ਲਈ,
ਬੈਠੇ ਘਰ ਨਹੀਂ ਨਾਲ਼ ਅਰਾਮ ਲੋਕੋ।

ਜਦੋਂ ਸੂਬੇ ਪੰਜਾਬੀ ਦੀ ਗੱਲ ਚੱਲੀ,
ਦਸ ਸਾਲ ਲੜੀ ਲੰਬੀ ਲਾਮ ਲੋਕੋ।

ਇਕ ਲੰਗੜਾ ਸੂਬਾ ਬਣਾ ਕੇ ਤੇ,
ਚੰਗਾ ਕੇਂਦਰ ਨੇ ਦਿੱਤਾ ਇਨਾਮ ਲੋਕੋ।

ਐਮਰਜੈਂਸੀ ਦਾ ਜਦੋਂ ਐਲਾਨ ਹੋਇਆ,
ਜੀਊਣਾ ਕੇਂਦਰ ਦਾ ਕੀਤਾ ਹਰਾਮ ਲੋਕੋ।



Scanned with OKEN Scanner
Scanned with OKEN Scanner

ਸੱਤਾ ਮਿਲ਼ੀ ਤੇ ਸਭ ਕੁਝ ਭੁੱਲ ਬੈਠੇ,
ਕੁਰਸੀ ਕਾਰਨੇ ਹੋਇਆ ਸਭ ਜਾਮ ਲੋਕੋ।

ਰੁੱਤ ਬਦਲੀ ਤੇ ਚੰਡੀਗੜ੍ਹ ਪਾਣੀਆਂ ਲਈ,
ਧਰਮ ਯੁੱਧ ਲੜਿਆ ਸ਼ਰੇ-ਆਮ ਲੋਕੋ।

ਜਿਉਂ ਹੀ ਅੱਗ ਲੱਗੀ ਠੰਢੇ ਪਾਣੀਆਂ ਨੂੰ,
'ਚਾਹਲ' ਹੋ ਗਿਆ ਕੰਮ ਤਮਾਮ ਲੋਕੋ।



Scanned with OKEN Scanner
Scanned with OKEN Scanner

## 21. ਤ

ਤੱਤਾ ਤਾਣ ਕੇ ਲੰਮੀਆਂ ਸੌਂ ਰਿਹਾ ਏਂ,
ਜੇ ਨਾ ਉੱਠਿਆ ਫੇਰ ਪਛਤਾਏਂ ਗਾ ਤੂੰ।

ਫ਼ਿਰਕੂ ਨਾਗ ਪਟਾਰੀ ਚੋਂ ਬਾਹਰ ਆਇਆ,
ਡੰਗ ਲਿਆ ਫਿਰ ਜਾਨ ਗਵਾਏਂ ਗਾ ਤੂੰ।

ਡਾਕੂ ਹੱਕਾਂ ਤੇ ਮਾਰਦੇ ਫਿਰਨ ਡਾਕੇ,
ਲਗਦਾ ਕੋਲ਼ ਜੋ ਸਭ ਖ਼ੁਹਾਏਂ ਗਾ ਤੂੰ।

ਤੇਰੀ ਲੁੱਟ ਲਈ ਨਵੇਂ ਕਾਨੂੰਨ ਬਣਦੇ,
ਦੱਸ ਕਿਸ ਤਰ੍ਹਾਂ ਜੇਬ ਬਚਾਏਂ ਗਾ ਤੂੰ ?

ਉੱਠ ਜਾਗ ਭਰਾਵਾਂ ਨੂੰ ਕਰ ਇਕੱਠਾ,
ਏਕਾ ਹੋਇਆ ਤਾਂ ਦੁਸ਼ਮਣ ਭਜਾਏਂ ਗਾ ਤੂੰ।

ਧਰਮ, ਜਾਤ ਤੇ ਰੰਗ ਦਾ ਨਹੀਂ ਰੌਲ਼ਾ,
ਜੇ ਇਹ ਲੋਟੂ ਦੀ ਚਾਲ ਗਿਣਾਏਂ ਗਾ ਤੂੰ।

ਕਿਰਤ ਕਰਦਿਆਂ ਹੱਕਾਂ ਲਈ ਲੜੇਂ ਗਾ ਜੇ,
ਭੁੱਖੇ ਬਾਘਾਂ ਤੋਂ 'ਚਾਹਲ' ਬਚ ਪਾਏਂਗਾ ਤੂੰ।



Scanned with OKEN Scanner
Scanned with OKEN Scanner

## 22. ਥ

ਥੱਥਾ ਥਮ੍ਹਲੇ ਨਾਲ ਸੀ ਬੰਨ੍ਹ ਦਿੱਤਾ,
ਸਜ਼ਾ ਕੋੜਿਆਂ ਦੀ ਸੁਣਿਆ ਕਾਰ ਆਹੀ।

ਅਕਾਲੀ ਫੂਲਾ ਸਿੰਘ ਉਦੋਂ ਹੋਂਵਦਾ ਸੀ,
ਅਕਾਲ ਤਖ਼ਤ ਦਾ ਜਥੇਦਾਰ ਆਹੀ।

ਦੋਸ਼ੀ ਸੀ ਪੰਜਾਬ ਦਾ ਮਹਾਰਾਜਾ,
ਫਾਜ਼ਲ ਜੱਜ ਸੀ ਸਿੰਘ ਸਰਦਾਰ ਆਹੀ।

ਅੱਜ ਕਰਕੇ ਕਈ ਗ਼ੁਨਾਹ ਭਾਰੀ,
ਓਸੇ ਤਖ਼ਤ ਤੇ ਸਾਰੀ ਸਰਕਾਰ ਆਹੀ।

ਅੱਖਾਂ ਸਾਹਮਣੇ ਗੁਰੂ ਗ੍ਰੰਥ ਦੀ ਜੋ,
ਕਰੀ ਬੇਅਦਬੀ ਸਿੱਖਾਂ ਲਲਕਾਰ ਆਹੀ।

ਜਿਹਨਾਂ ਸੀ ਇਨਸਾਫ਼ ਦੀ ਮੰਗ ਕੀਤੀ,
ਪੁਲਿਸ ਓਹਨਾਂ ਨੂੰ ਗੋਲੀਆਂ ਮਾਰ ਆਹੀ।

ਸਾਰਾ ਪਤਾ ਸੀ ਉਦੋਂ ਅਕਾਲੀਆਂ ਨੂੰ,
ਇਹਦਾ ਦੋਸ਼ੀ ਹੈ ਸਾਧ ਮਕਾਰ ਆਹੀ।

ਜਿਹੜਾ ਗੁਰੂ ਗੋਬਿੰਦ ਸਿੰਘ ਬਣ ਬੈਠਾ,
ਝੂਠੀ ਮੂਠੀ ਦਾ ਸਾਂਗ ਸੀ ਧਾਰ ਆਹੀ,



Scanned with OKEN Scanner
Scanned with OKEN Scanner

ਹਿਰਦੇ ਸਿੱਖਾਂ ਦੇ ਸੀ ਹੋ ਗਏ ਛਲਣੀ,
ਝੂਠਾ ਵੇਖ ਕੇ ਬਣਿਆ ਦਾਤਾਰ ਆਹੀ।

ਕੁਰਸੀ ਖ਼ਾਤਰ ਸਾਧ ਨੂੰ ਮੁਆਫ਼ ਕੀਤਾ,
ਸਾਰੀ ਝੁਕ ਗਈ ਸੀ ਸਰਕਾਰ ਆਹੀ।

ਢਾਈ ਸਾਲ ਦੇ ਰਾਜ ਦਰਬਾਰ ਅੰਦਰ,
ਰਹੇ ਮੰਗਦੇ ਨਿਆਂ ਪੁਕਾਰ ਆਹੀ।

ਨਸ਼ਾ ਕੁਰਸੀ ਦਾ ਹੁੰਦਾ ਹੈ ਅਤਿ ਭੈੜਾ,
ਲੈਂਦਾ ਆਪਣੇ ਈ ਹਿੱਤਾਂ ਦੀ ਸਾਰ ਆਹੀ।

ਨਜ਼ਰ ਲੋਕਾਂ ਦੀ ਜਦੋਂ ਹੋ ਗਈ ਪੁੱਠੀ,
ਓਹਨਾਂ ਰੋਲ਼ ਤੇ ਅਕਾਲੀ ਸਰਦਾਰ ਆਹੀ।

ਜਦੋਂ ਰਹੇ ਨਹੀਂ ਮੂੰਹ ਵਿਖਾਉਣ ਜੋਗੇ,
ਗ਼ਲਤੀ ਆਪਣੀ ਮਨੋਂ ਵਿਚਾਰ ਆਹੀ।

ਮੁਆਫ਼ੀ ਮੰਗਣ ਲਈ ਪਹੁੰਚੇ ਤਖ਼ਤ ਉੱਤੇ,
ਨੱਕ ਰਗੜ ਕੇ ਕਰਨ ਪੁਕਾਰ ਆਹੀ,

ਅੱਜ ਹੋਵੇ ਅਕਾਲੀ ਤੇ ਸਜ਼ਾ ਲਾਵੇ,
ਆਖੇ ਪੰਥ ਨੂੰ 'ਚਾਹਲ' ਲਲਕਾਰ ਆਹੀ।



Scanned with OKEN Scanner
Scanned with OKEN Scanner

## ਜਥੇਦਾਰਾਂ ਦਾ ਫ਼ੈਸਲਾ (2 ਦਸੰਬਰ, 2024)

ਅਕਾਲੀ ਦਲ ਦਾ ਭੱਠਾ ਬਿਠਾ ਸਾਰੇ,
ਚਰਨੀਂ ਜਾ ਡਿੱਗੇ ਜਥੇਦਾਰ ਦੇ ਜੀ।

ਪਹਿਲਾਂ ਕਈ ਨਿਹਾਰੀਆਂ ਰਹੇ ਚੁਗਦੇ,
ਹੁਣ ਆਗੂ ਬਣੇ ਲਹਿਰ ਸੁਧਾਰ ਦੇ ਜੀ।

ਜਥੇਦਾਰਾਂ ਨੇ ਸੋਚ ਵਿਚਾਰ ਕਰਕੇ,
ਨੋਟ ਕੀਤੇ ਗ਼ੁਨਾਹ ਸਰਕਾਰ ਦੇ ਜੀ।

ਜਦੋਂ ਅਕਾਲੀਓ ਤੁਹਾਨੂੰ ਮਿਲੀ ਕੁਰਸੀ,
ਬਣ ਗਏ ਤੁਸੀਂ ਰਾਖੇ ਸੌਦਾ ਯਾਰ ਦੇ ਜੀ।

ਉਹ ਗੁਰੂ ਗੋਬਿੰਦ ਸੀ ਬਣ ਬੈਠਾ,
ਤੁਸੀਂ ਰਹੇ ਸੀ ਓਹਨੂੰ ਸਿਸ਼ਕਾਰਦੇ ਜੀ।

ਜਦੋਂ ਹੋਈ ਬੇਅਦਬੀ ਗੁਰੂ ਗ੍ਰੰਥ ਵਾਲ਼ੀ,
ਕੰਨੀਂ ਜੂੰ ਨਾ ਸਰਕੀ ਦਰਬਾਰ ਦੇ ਜੀ।

ਫਿਰ ਲੋਕਾਂ ਇਨਸਾਫ਼ ਦੀ ਮੰਗ ਕੀਤੀ,
ਰਹੇ ਸੀ ਅੱਗਿਓਂ ਗੋਲ਼ੀਆਂ ਮਾਰਦੇ ਜੀ।

ਘਰ ਸੱਦ ਕੇ ਸਾਧ ਨੂੰ ਮੁਆਫ਼ ਕੀਤਾ,
ਸਾਰੇ ਬਖ਼ਸ਼ੇ ਪਾਪ ਗ਼ੁਨਾਹਗਾਰ ਦੇ ਜੀ।

ਇਕ ਝੂਠ ਨੂੰ ਸੱਚ ਬਣਾਵਣੇ ਲਈ,
ਗੋਲਕ ਗੁਰੂ ਦੀ, ਹੱਥ ਸਰਦਾਰ ਦੇ ਜੀ।



Scanned with OKEN Scanner
Scanned with OKEN Scanner

ਸੁਣ ਕੇ ਬੋਲਿਆ ਸਿੰਘ ਸੁਖਬੀਰ ਏਦਾਂ,
ਗ਼ਲਤੀ ਹੋ ਗਈ ਬਾਬਿਓ ਬਖ਼ਸ਼ ਦੇਵੋ।

ਪੱਲਾ ਗਲ਼ ਪਾ ਕੇ ਮੁਆਫ਼ੀ ਮੰਗਦਾ ਹਾਂ,
ਅਕਲ ਖੋ ਗਈ ਬਾਬਿਓ ਬਖ਼ਸ਼ ਦੇਵੋ।

ਫਿਰ ਚੱਲਿਆ ਚੱਕਰ ਇਨਸਾਫ਼ ਵਾਲ਼ਾ,
ਜਥੇਦਾਰਾਂ ਨੇ ਹੁਕਮ ਸੁਣਾ ਦਿੱਤੇ।

ਬਰਛਾ ਹੱਥ ਤੇ ਗਲ਼ ਵਿਚ ਪਾ ਤਖ਼ਤੀ,
ਗੁਰੂ ਘਰ ਦੇ ਸੇਵਕ ਬਣਾ ਦਿੱਤੇ।

ਭਾਂਡੇ ਮਾਂਜਦੇ ਲੰਗਰ ਵਿਚ ਜਾ ਕੇ,
ਪਖ਼ਾਨੇ ਧੋਣ ਦੀ ਸੇਵਾ ਵਿੱਚ ਲਾ ਦਿੱਤੇ,

ਗੁਰੂ ਘਰ ਦੇ ਪੈਸੇ ਵਸੂਲ ਕਰਨੇ,
ਸਣੇ ਵਿਆਜ਼ ਦੇ ਮੂੰਹੋਂ ਅਖਵਾ ਦਿੱਤੇ।

ਨਸ਼ਾ ਕੁਰਸੀ ਦਾ ਕਹਿੰਦੇ ਬਹੁਤ ਮਾੜਾ,
ਬੰਦਾ ਕੁਰਸੀ ਤੇ ਬਹਿ ਅੰਨ੍ਹਾ ਹੋ ਜਾਂਦਾ।

ਉਹ ਫਿਰ ਬੰਦੇ ਨੂੰ ਬੰਦਾ ਸਮਝਦਾ ਨਹੀਂ,
ਹੋਸ਼ ਆਪਣੇ ਉਦੋਂ ਉਹ ਖੋ ਜਾਂਦਾ।

ਕਹਿੰਦੇ ਉਹਦੇ ਘਰ ਦੇਰ, ਹਨੇਰ ਨਹੀਂ,
ਜਲਦੀ ਧੋਣੇ ਇਨਸਾਫ਼ ਦੇ ਧੋ ਜਾਂਦਾ।

'ਚਾਹਲ' ਸੌ ਦਿਨ ਚੋਰ ਦਾ ਲੋਕ ਕਹਿੰਦੇ,
ਇਕ ਦਿਨ ਸਾਧ ਵੀ ਆ ਖਲੋ ਜਾਂਦਾ।



Scanned with OKEN Scanner
Scanned with OKEN Scanner

## 23. ਦ

ਦੱਦਾ ਦੋਸ਼ ਨਹੀਂ ਆਪਣੇ ਸਿਰ ਲੈਂਦਾ,
ਦੋਸ਼ ਸਿਰ ਬਿਗਾਨੜੇ ਧਰੇ ਬੰਦਾ।

ਚੰਗਾ ਹੋਵੇ ਤਾਂ ਆਖੇ ਮੈਂ ਕੀਤਾ,
ਮਾੜਾ ਰੱਬ ਦਾ ਕਹਿ ਕੇ ਜਰੇ ਬੰਦਾ।

ਬਾਬੇ ਕਿਹਾ ਸੀ ਹੱਕ ਦੀ ਕਿਰਤ ਕਰਨੀ,
ਨਾ ਕਦੇ ਠੱਗੀਆਂ ਚੋਰੀਆਂ ਕਰੇ ਬੰਦਾ।

ਲੁੱਟ ਖੋਹ ਕੇ ਜੋ ਆਪਣਾ ਪੇਟ ਭਰਦਾ,
ਪਸ਼ੂਆਂ ਨਾਲ਼ ਬਰਾਬਰੀ ਕਰੇ ਬੰਦਾ।

ਭਾਈ ਲਾਲੋਆਂ ਦਾ ਹਰ ਦਮ ਸਾਥ ਦੇਵੇ,
ਮਲਕ ਭਾਗੋਆਂ ਦਾ ਪਾਣੀ ਨਾ ਭਰੇ ਬੰਦਾ।

ਜਿਹੜਾ ਕਿਰਤ ਕਮਾਈ ਚੋਂ ਦਾਨ ਦੇ ਕੇ,
ਲੋੜਵੰਦ ਦੀ ਮਦਦ ਕੁਝ ਕਰੇ ਬੰਦਾ।

ਓਹੀਓ ਰਾਹ ਪਛਾਣੇ ਸੱਚ ਵਾਲ਼ਾ,
ਸਾਗਰ ਜ਼ਿੰਦਗੀ ਦਾ 'ਚਾਹਲ' ਤਰੇ ਬੰਦਾ।



Scanned with OKEN Scanner
Scanned with OKEN Scanner

## 24. ਧ

ਧੱਦਾ ਧੀਆਂ ਦੇ ਨਾਲ਼ ਜਹਾਨ ਹੁੰਦਾ,
ਧੀ ਕਾਦਰ ਦੀ ਕਿਰਤ ਮਹਾਨ ਲੋਕੋ।

ਧੀਆਂ ਇਸ ਦੁਨੀਆਂ ਦੀ ਸ਼ਾਨ ਹੋਸਣ,
ਧੀਆਂ ਹਨ ਘਰ ਦੀ ਜਿੰਦ-ਜਾਨ ਲੋਕੋ।

ਧੀਆਂ ਜਦ ਨੂੰਹਾਂ ਬਣ ਜਾਂਦੀਆਂ ਨੇ,
ਜਾ ਕੇ ਅਗਲਾ ਘਰ ਵਸਾਣ ਲੋਕੋ।

'ਚਾਹਲ' ਆਦਮ ਦੀ ਵੰਸ਼ ਚਲਾ ਕੇ ਵੀ,
ਪਰਾਇਆ ਧਨ ਕਿਉਂ ਇਹ ਅਖਵਾਣ ਲੋਕੋ ?



Scanned with OKEN Scanner
Scanned with OKEN Scanner

# 25. ਨ

ਨੰਨਾ ਨਾਨਕ ਦੇ ਨਾਂ ਤੇ ਪੰਥ ਚਲਦਾ,
ਤੇ ਨਾਂ ਪੰਥ ਦੇ ਚੱਲੇ ਸਰਕਾਰ ਲੋਕੋ।

ਕੁਰਸੀ ਬੈਠ ਕੇ ਲੋਕਾਂ ਨੂੰ ਟਿੱਚ ਜਾਨਣ,
ਲੁੱਟੀ ਜਾਣ ਅਖੌਤੀ ਸਰਦਾਰ ਲੋਕੋ।

ਲੋਕ ਤਰਸਦੇ ਰੋਟੀ ਰੁਜ਼ਗਾਰ ਤਾਈਂ,
ਇਹ ਤਾਂ ਆਪਣੇ ਭਰਨ ਭੰਡਾਰ ਲੋਕੋ।

ਖ਼ਤਰਾ ਜਦ ਸਰਕਾਰ ਨੂੰ ਜਾਪਦਾ ਏ,
ਖੂਬ ਮੱਚਦੀ ਫਿਰ ਹਾਹਾਕਾਰ ਲੋਕੋ।

ਕਹਿਣ ਖ਼ਤਰਾ ਬੜਾ ਹੈ ਪੰਥ ਨੂੰ ਹੁਣ,
ਹੋ ਜਾਵੋ ਤੁਸੀਂ ਪੂਰੇ ਤਿਆਰ ਲੋਕੋ।

'ਚਾਹਲ' ਪੰਥ ਬਚਾਵਣ ਵਾਸਤੇ ਜੀ,
ਦਿਉ ਜਾਨ ਤੁਸੀਂ ਆਪਣੀ ਵਾਰ ਲੋਕੋ।



Scanned with OKEN Scanner
Scanned with OKEN Scanner

## 26. ਪ

ਪੱਪਾ ਪੂੰਜੀਪਤੀਆਂ ਤੇ ਰਜਵਾੜਿਆਂ ਨੇ,
ਜਿੰਨਾ ਦਾਅ ਲੱਗਾ ਓਨਾ ਲਾ ਛੱਡਿਆ।

ਖ਼ੂਬ ਲੁੱਟਿਆ ਮੇਰਾ ਪੰਜਾਬ ਇਹਨਾਂ,
ਕਿਰਤੀ ਕਾਮੇ ਨੂੰ ਗੁੱਠੇ ਲਾ ਛੱਡਿਆ।

ਵਾਂਗ ਨਿੰਬੂ ਦੇ ਲਹੂ ਨਿਚੋੜ ਪੀਤਾ,
ਭੱਜਣ ਲਈ ਨਾ ਕੋਈ ਵੀ ਰਾਹ ਛੱਡਿਆ।

ਨਾ ਕੋਈ ਮਿੱਲ ਤੇ ਨਾ ਕੋਈ ਕਾਰਖ਼ਾਨਾ,
ਵਿਹਲਾ ਗੱਭਰੂ ਨਸ਼ਿਆਂ ਨੇ ਫਾਹ ਛੱਡਿਆ।

ਕਿਰਤੀ ਲੋਕਾਂ ਦੇ ਰਿਹਾ ਨਹੀਂ ਕੁਝ ਪੱਲੇ,
ਵੋਟਾਂ ਪਾਉਣ ਜੋਗਾ ਆਉਂਦਾ ਸਾਹ ਛੱਡਿਆ।

ਕਈਆਂ ਪੁਸ਼ਤਾਂ ਲਈ ਰਾਜਿਆਂ ਗੰਜ ਜੋੜੇ,
ਕਰਜ਼ਾ ਲੋਕਾਂ ਸਿਰ ਭਾਰੀ ਚੜ੍ਹਾ ਛੱਡਿਆ।

ਪਹਿਲਾਂ ਲੁੱਟਿਆ ਚਿੱਟਿਆਂ ਬਾਣਿਆਂ ਨੇ,
ਰਹਿੰਦਾ ਨੀਲਿਆਂ ਕੰਮ ਮੁਕਾ ਛੱਡਿਆ।

ਹੁਣ ਆ ਗਏ 'ਚਾਹਲਾ' ਆਪ ਵਾਲੇ,
ਸੁਣਾ ਕੇ ਚੁਟਕਲੇ ਮੂਰਖ ਬਣਾ ਛੱਡਿਆ।



Scanned with OKEN Scanner
Scanned with OKEN Scanner

## 27. ਫ

ਫੱਫਾ ਫੌਜ ਦੀ ਇੱਕੋ ਇੱਕ ਨੌਕਰੀ ਸੀ,
ਘੱਟ ਪੜ੍ਹਿਆ ਵੀ ਲੈਂਦਾ ਸੀ ਪਾ ਲੋਕੋ।
ਬੇੜਾ ਬਹਿ ਗਿਆ ਕੇਂਦਰੀ ਹਾਕਮਾਂ ਦਾ,
ਅਗਨੀ ਵੀਰ ਦਾ ਖੇਡਿਆ ਦਾਅ ਲੋਕੋ।

ਦੌੜ-ਭੱਜ ਤੋਂ ਬਾਅਦ ਟੈਸਟ ਲਿਖਤੀ,
ਫਿਰ ਵੇਖਣ ਸਰੀਰ ਦਾ ਤਾਅ ਲੋਕੋ।

ਇਹ ਅਗਨ ਪ੍ਰੀਖਿਆ ਪਾਸ ਕਰਕੇ,
ਚਾਰ ਸਾਲ ਮਿਲਣੀ ਤਨਖ਼ਾਹ ਲੋਕੋ।

ਬਾਈ ਸਾਲ ਦਾ ਕਰ ਰਿਟਾਇਰ ਦੇਣਾ,
ਰਿਟਾਇਰ ਹੋ ਕੇ ਕਰੂ ਵਿਆਹ ਲੋਕੋ।

ਵੇਖੋ ਇਸ ਸਰਕਾਰ ਨੇ ਸ਼ਰਮ ਲਾਹੀ,
ਆਪ ਮਰਨ ਤੱਕ ਲੈਣ ਨਾ ਸਾਹ ਲੋਕੋ।

ਰੋਜ਼ਗਾਰ ਜਵਾਨੀ ਨੂੰ ਜੇ ਦੇਵਣਾ ਨਹੀਂ,
ਉਹ ਤਾਂ ਨਸ਼ਿਆਂ ਦੇ ਪੈਣਗੇ ਰਾਹ ਲੋਕੋ।

ਜਾਂ ਉਹ ਕਰਨਗੇ ਚੋਰੀਆਂ ਠੱਗੀਆਂ ਜੀ,
'ਚਾਹਲ' ਵਿਗੜਿਆਂ ਦੇਣੀ ਨਾ ਡਾਹ ਲੋਕੋ।



Scanned with OKEN Scanner
Scanned with OKEN Scanner

## 28. ਬ

ਬੱਬਾ ਬਾਦਲ ਤੇ ਕੈਪਟਨ ਦੋਵੇਂ ਸੀ ਮਾੜੇ,
ਜਿਹਨਾਂ ਸੋਧੀ ਨਹੀਂ ਤਨਖ਼ਾਹ ਸਾਡੀ।

ਆਇਆ ਬਾਈ ਤੇ ਓਹਨਾਂ ਨੂੰ ਗਲੋਂ ਲਾਹਿਆ,
ਰੀਝ ਮਨ ਦੀ ਸੀ ਬਦਲਾਅ ਸਾਡੀ।

ਨਵੀਂ ਬਾਨਵੇਂ ਨਾਲ ਸਰਕਾਰ ਬਣ ਗਈ,
ਹੁਣ ਕਰਦਾ ਨਹੀਂ ਕੋਈ ਪ੍ਰਵਾਹ ਸਾਡੀ।

ਅਸੀਂ ਮੰਗਾਂ ਦਾ ਪਾਉਂਦੇ ਰਹੇ ਰੌਲ਼ਾ,
ਦਿੱਤੀ ਨੇਕੀ ਵੀ ਖ਼ੂਹ ਵਿੱਚ ਪਾ ਸਾਡੀ।

ਅੰਦਰ ਬੈਠ ਕੇ ਆਪਣੀ ਕਰੀ ਦੂਣੀ,
ਪੁੱਛੀ ਕਿਸੇ ਨੇ ਨਹੀਂ ਸਲਾਹ ਸਾਡੀ।

ਸਾਡਾ ਡੀ ਏ, ਬਕਾਇਆ ਜਾਮ ਕੀਤਾ,
ਮਹਿੰਗਾਈ ਜਾਨ ਕੱਢੇ ਹਰ ਮਾਹ ਸਾਡੀ।

ਰੋਜ਼ ਮੀਡੀਏ ਨੂੰ ਇਸ਼ਤਿਹਾਰ ਦੇਂਦੇ,
ਜੇਬ ਸਾਡੀ ਤੇ ਵਾਹ ਵਾਹ ਤੁਹਾਡੀ।

ਹੱਥੀਂ ਦਿੱਤੀਆਂ ਦੰਦਾਂ ਨਾਲ਼ ਖੋਲ੍ਹ ਲਾਂ ਗੇ,
ਐਸੀ ਉਡਾਵਾਂਗੇ ਹੁਣ ਸਵਾਹ ਤੁਹਾਡੀ।

ਤੁਹਾਡੇ ਪੈਰਾਂ ਦੇ ਹੇਠ ਬਟੇਰ ਆਇਆ,
ਪੀਤੀ ਦਿਆਂਗੇ 'ਚਾਹਲਾ' ਲਾਹ ਤੁਹਾਡੀ।



Scanned with OKEN Scanner
Scanned with OKEN Scanner

## 29. ਭ

ਭੱਬਾ ਭੂੰਡਾਂ ਨੇ ਖ਼ੂਬ ਪ੍ਰਚਾਰ ਕੀਤਾ,
ਸਾਨੂੰ ਦਿਓ ਮੌਕਾ 'ਲਾਹਮੇ ਲਾਹ ਦਿਆਂਗੇ।

ਸਹੁੰ ਖਾਂਦੇ ਹਾਂ ਸ਼ਹੀਦ ਭਗਤ ਸਿੰਘ ਦੀ,
ਸਾਰਾ ਨਸ਼ਿਆਂ ਦਾ ਯੱਭ ਮੁਕਾ ਦਿਆਂਗੇ।

ਰੇਤਾ ਬੱਜਰੀ ਹੈ ਜਿਸਨੇ ਵੇਚ ਖਾਧੀ,
ਉਹਨੂੰ ਜੇਲ੍ਹ ਦੀ ਹਵਾ ਖਵਾ ਦਿਆਂਗੇ।

ਟਰਾਂਸਪੋਰਟ ਦਾ ਮਾਫ਼ੀਆ ਬਹੁਤ ਤਕੜਾ,
ਬੱਸਾਂ ਬਿਨ-ਪਰਮਿਟ ਸੜਕੋਂ ਲਾਹ ਦਿਆਂਗੇ।

ਬੇਅਦਬੀਆਂ ਦਾ ਹੋਊ ਇਨਸਾਫ਼ ਛੇਤੀ,
ਕਰਨ ਵਾਲ਼ਿਆਂ ਨੂੰ ਮਜ਼ਾ ਚਖਾ ਦਿਆਂਗੇ।

ਕਾਰੋਬਾਰ ਸ਼ਰਾਬ ਦਾ ਹੈ ਲਾਹੇਵੰਦਾ,
ਦਿੱਲੀ ਮਾਡਲ ਨੂੰ ਲਾਗੂ ਕਰਾ ਦਿਆਂਗੇ।

ਪੰਜ ਸੌ ਬੰਦਾ ਪੁਲਿਸ ਦਾ ਲਈ ਫਿਰਦੇ,
ਸਭ ਨੂੰ ਬੰਦਾ ਬਰਾਬਰ ਬਣਾ ਦਿਆਂਗੇ।

ਸਾਰੇ ਫ਼ੈਸਲੇ ਹੋਣਗੇ ਪਿੰਡ ਪੱਧਰੀ,
ਲੋਕੋ ਅਦਾਲਤੀ ਗੇੜੇ ਘਟਾ ਦਿਆਂਗੇ।



Scanned with OKEN Scanner
Scanned with OKEN Scanner

ਸਰਕਾਰੀ ਬਾਬੂਆਂ ਤੇ ਅਧਿਕਾਰੀਆਂ ਦਾ,
ਰਿਸ਼ਵਤ ਲੈਣ ਦਾ ਫੰਧਾ ਹਟਾ ਦਿਆਂਗੇ।

ਨਾ ਖਾਣਾ, ਨਾ ਕਿਸੇ ਨੂੰ ਖਾਣ ਦੇਣਾ,
ਮਾਡਲ ਨਵਾਂ ਸਰਕਾਰੀ ਵਿਖਾ ਦਿਆਂਗੇ।

ਬਿਜਲੀ ਬਿੱਲ ਤੇ ਸਫ਼ਰ ਫ਼੍ਰੀ ਕਰਕੇ,
ਕੀਤਾ ਵਾਅਦਾ ਵੀ ਕੋਈ ਪੁਗਾ ਦਿਆਂਗੇ।

ਜੇ ਸਰਕਾਰੀ ਖ਼ਜ਼ਾਨੇ ਨੂੰ ਪਿਆ ਘਾਟਾ,
ਨਵੇਂ ਕਰਜ਼ੇ ਤੇ ਅੰਗੂਠਾ ਲਾ ਦਿਆਂਗੇ।

ਸਾਡੀ ਨਹੀਂ ਇਹ ਤੁਹਾਡੀ ਸਰਕਾਰ ਹੋਣੀ,
ਤੁਹਾਡੇ ਪੈਸੇ ਨਾਲ ਮੂੰਹ ਚਮਕਾ ਦਿਆਂਗੇ।

ਮਾਣੋਂਚਾਹਲੀਆ ਕਰੋਗੇ ਯਾਦ ਸਾਨੂੰ,
ਲੀਹਾਂ ਨਵੀਆਂ ਸੂਬੇ ਵਿਚ ਪਾ ਦਿਆਂਗੇ।



Scanned with OKEN Scanner
Scanned with OKEN Scanner

## ੩੦. ਮ

ਮੰਮਾ ਮੱਥਾ ਗੁਰੂ ਗ੍ਰੰਥ ਨੂੰ ਟੇਕਦੇ ਹਾਂ,
ਬਾਣੀ ਪੜ੍ਹਦੇ ਪਰ ਨਹੀਂ ਵਿਚਾਰ ਕਰਦੇ।

ਜਾਤ-ਪਾਤ ਦੇ ਕੋਹੜ ਨੂੰ ਛੱਡਦੇ ਨਹੀਂ,
ਉੱਚੀ ਜਾਤ ਦਾ ਕਈ ਹੰਕਾਰ ਕਰਦੇ।

ਹਰ ਪਿੰਡ 'ਚ ਪੰਜ ਸੱਤ ਗੁਰਦੁਆਰੇ,
ਨਹੀਂ ਇਕ ਤੇ ਅਸੀਂ ਇਤਬਾਰ ਕਰਦੇ।

ਜੱਟ, ਮਜ਼੍ਹਬੀ ਜਾਂ ਹੋਣ ਰਾਮਗੜ੍ਹੀਏ,
ਸ਼ਮਸ਼ਾਨ-ਘਾਟ ਵੀ ਅੱਡ ਤਿਆਰ ਕਰਦੇ।

ਮਾਇਆ ਪਾਪਾਂ ਤੋਂ ਬਿਨਾਂ ਨਾ ਹੋਵੇ 'ਕੱਠੀ,
ਜਿੱਦਾਂ ਹੋਵੇ ਅਸੀਂ ਦੋ ਤੋਂ ਚਾਰ ਕਰਦੇ।

ਗਲ਼ ਭਾਵੇਂ ਗਰੀਬ ਦਾ ਘੁੱਟਣਾ ਪਏ,
ਭਰੀਏ ਘਰ ਆਪਣਾ ਮਾਰੋ-ਮਾਰ ਕਰਦੇ।

'ਚਾਹਲ' ਸਬਰ ਸੰਤੋਖ ਵੀ ਸਿੱਖਿਆ ਨਹੀਂ,
ਉਂਞ ਬਾਣੀ ਦਾ ਅਸੀਂ ਸਤਿਕਾਰ ਕਰਦੇ।



Scanned with OKEN Scanner
Scanned with OKEN Scanner

## 31. ਯ

ਯਯਾ ਯਾਦ ਕਰ ਚਾਚਾ ਅਜੀਤ ਸਿੰਘ ਨੂੰ,
ਲਹਿਰ ਪਗੜੀ ਸੰਭਾਲ ਚਲਾਈ ਕਵੀਆ।

ਉਹ ਚਾਚਾ ਸੀ ਸ਼ਹੀਦ ਭਗਤ ਸਿੰਘ ਦਾ,
ਕਿਸ਼ਨ ਸਿੰਘ ਦਾ ਛੋਟਾ ਸੀ ਭਾਈ ਕਵੀਆ।

ਤਿੰਨੇ ਭਰਾ ਸੀ ਦੇਸ਼ ਨੂੰ ਪਿਆਰ ਕਰਦੇ,
ਗੋਰੇ ਨਾਲ ਮੁੱਲ ਲਈ ਲੜਾਈ ਕਵੀਆ।

ਕਾਲ਼ੇ ਕਾਨੂੰਨ ਸੀ ਗੋਰੇ ਨੇ ਪਾਸ ਕੀਤੇ,
ਅਬਾਦਕਾਰ ਕਿਸਾਨੀ ਸਤਾਈ ਕਵੀਆ।

ਜ਼ਮੀਨ ਖੋਹਣੀ ਤੇ ਵਧਣਾ ਆਬਿਆਨਾ,
ਸਾਮਰਾਜੀਆਂ ਬਣਤ ਬਣਾਈ ਕਵੀਆ।

ਸੂਫ਼ੀ ਅੰਬਾ ਪ੍ਰਸ਼ਾਦ, ਬਾਂਕੇ ਦਿਆਲ, ਆਗਾ,
ਅਜੀਤ ਸਿੰਘ ਸ਼ੁਰੂ ਕੀਤੀ ਲੜਾਈ ਕਵੀਆ।

ਉਹਨਾਂ ਸਾਰੇ ਪੰਜਾਬ ਵਿੱਚ ਕਰੇ ਜਲਸੇ,
ਹਜ਼ਾਰਾਂ ਲੋਕਾਂ ਨੂੰ ਗੱਲ ਸਮਝਾਈ ਕਵੀਆ।

ਵੇਖ ਦਬ-ਦਬਾ ਲੋਕਾਂ ਦਾ ਰੋਹ ਭਰਿਆ,
ਜਾਨ ਗੋਰੇ ਦੀ ਮੁੱਠੀ ਵਿਚ ਆਈ ਕਵੀਆ।



Scanned with OKEN Scanner
Scanned with OKEN Scanner

ਉਹ ਸੀ ਡਰਿਆ ਬਗ਼ਾਵਤ ਨਾ ਫੈਲ ਜਾਵੇ,
ਦਫ਼ਾ 124 ਏ ਚਾਚੇ ਤੇ ਲਾਈ ਕਵੀਆ।

ਡਰ ਕੇ ਕਾਲੇ ਕਨੂੰਨ ਪਏ ਰੱਦ ਕਰਨੇ,
ਏਨੀ ਲਹਿਰ ਦੀ ਹੋਈ ਚੜ੍ਹਾਈ ਕਵੀਆ।

ਦੇਸ਼ ਧ੍ਰੋਹ ਦਾ ਕੇਸ ਪਾ ਅਜੀਤ ਸਿੰਘ ਤੇ,
ਛੇ ਮਹੀਨੇ ਦੀ ਜੇਲ੍ਹ ਸੁਣਾਈ ਕਵੀਆ।

ਕੈਦ ਮਾਂਡਲੇ ਜੇਲ੍ਹ ਦੀ ਕੱਟ ਕੇ ਤੇ,
ਨਵੰਬਰ 07 ਵਿੱਚ ਹੋਈ ਰਿਹਾਈ ਕਵੀਆ।

ਦੇਸ਼-ਭਗਤਾਂ ਨਾਲ਼ ਨਾਤਾ ਜੋੜਨੇ ਲਈ,
ਉਹਨੇ ਕੀਤੀ ਵਿਦੇਸ਼ ਨੂੰ ਧਾਈ ਕਵੀਆ

1909 ਵਿਚ ਈਰਾਨ ਨੂੰ ਪਾਏ ਚਾਲੇ,
ਤੁਰਕੀ, ਪੈਰਿਸ ਤੇ ਜਰਮਨੀ ਗਾਹੀ ਕਵੀਆ।

ਅਰਜਨਟਾਈਨਾ ਵਿਚ ਮਾਸਟਰ ਜਾ ਲੱਗਾ,
40 ਭਾਸ਼ਾਵਾਂ ਦੀ ਕੀਤੀ ਪੜ੍ਹਾਈ ਕਵੀਆ।

ਇਟਲੀ ਜਾ ਕੇ ਅਜ਼ਾਦ ਹਿੰਦ ਫੌਜ ਵਾਲ਼ੇ,
ਸੁਭਾਸ਼ ਚੰਦਰ ਦੀ ਮਦਦ ਕਰਵਾਈ ਕਵੀਆ।

38 ਸਾਲਾਂ ਦਾ ਕੱਟ ਬਨਵਾਸ ਭਾਰੀ,
ਫੇਰੀ ਵਤਨਾਂ ਨੂੰ ਆਖ਼ਰ ਨੂੰ ਪਾਈ ਕਵੀਆ।

ਥਾਂ ਥਾਂ ਫਿਰਦਿਆਂ ਤਪਦਿਕ ਨੇ ਜਿੱਚ ਕੀਤਾ,
ਡਲਹੌਜ਼ੀ ਵਿਚ ਜਾ ਚੌਂਕੜੀ ਲਾਈ ਕਵੀਆ।



Scanned with OKEN Scanner
Scanned with OKEN Scanner

ਓਧਰ ਦੇਸ਼ ਅਜ਼ਾਦ ਹੋ ਗਿਆ ਸੀ ਜਦ,
ਚੌਦਾਂ ਅਗਸਤ ਸੰਤਾਲੀ ਦੀ ਆਈ ਕਵੀਆ।

ਚੌਦਾਂ ਪੰਦਰਾਂ ਦੀ ਅੱਧੀ ਰਾਤ ਵੇਲ਼ੇ,
ਨਹਿਰੂ ਭਾਸ਼ਣ ਦੀ ਝੜੀ ਲਗਾਈ ਕਵੀਆ।

ਸੁਣ ਕੇ ਸੌਂ ਗਿਆ ਹਿੰਦ ਦਾ ਸ਼ੇਰ ਦੂਲਾ,
ਵੇਖ ਘੜੀ ਸੁਲੱਖਣੀ ਆਈ ਕਵੀਆ।

ਸਾਢੇ ਤਿੰਨ ਸਵੇਰ ਦੇ ਜਦੋਂ ਵੱਜੇ,
ਓਹਨੇ ਆਖ਼ਰੀ ਫ਼ਤਹਿ ਬੁਲਾਈ ਕਵੀਆ।

ਦੇਸ਼-ਭਗਤ ਦੀ ਯਾਦ ਨੂੰ ਸਾਂਭਣੇ ਲਈ,
ਪੰਜ-ਪੁਲ਼ਾਂ ਤੇ ਯਾਦਗਰ ਬਣਾਈ ਕਵੀਆ।



Scanned with OKEN Scanner
Scanned with OKEN Scanner

## 32. ਰ

ਰਾਰਾ ਰੋਇਆਂ ਨਾ ਰੱਬ ਕਦੇ ਰੀਝਦਾ ਹੈ,
ਤਰਲੇ ਨਾਲ਼ ਨਾ ਮੰਨੇ ਸ਼ਰੀਕ ਸੱਜਣਾ।

ਕਰਕੇ ਹਿੰਮਤ ਤੇ ਮਿਹਨਤ ਸ਼ੁਰੂ ਕਰ ਦੇ,
ਨਾ ਕੋਈ ਦਿਨ ਮਾੜਾ, ਨਾ ਤਰੀਕ ਸੱਜਣਾ।

ਹਿੰਮਤਾਂ ਬਾਝ ਨਾ ਮੰਜ਼ਲ ਕਦੇ ਮਿਲਦੀ,
ਨਾਲ ਹੌਂਸਲੇ ਹੋਵੇ ਕੰਮ ਠੀਕ ਸੱਜਣਾ।

ਦੁੱਖ ਸੁੱਖ ਸਰੀਰ ਦੇ ਕੱਪੜੇ ਨੇ,
ਇਕ ਦੂਰ ਹੋਵੇ ਦੂਜਾ ਨਜ਼ਦੀਕ ਸੱਜਣਾ।
ਮੱਲਾਂ ਮਾਰੀਆਂ ਜੋ ਵੱਡੇ ਵਡੇਰਿਆਂ ਨੇ,
ਨਾਂ ਉਹਨਾਂ ਦੇ ਲਾਈਂ ਨਾ ਲੀਕ ਸੱਜਣਾ।

ਡਿੱਗ ਡਿੱਗ ਕੇ ਬਣੇ ਅਸਵਾਰ ਬੰਦਾ,
ਦਿਲ ਤਕੜਾ ਕਰੀਂ, ਸੋਚ ਬਰੀਕ ਸੱਜਣਾ।

ਸਿਆਣੇ ਆਖਦੇ ਕੰਮ ਹੀ ਹੈ ਪੂਜਾ,
ਕਰੇ 'ਚਾਹਲ' ਵੀ ਇਹ ਤਸਦੀਕ ਸੱਜਣਾ।



Scanned with OKEN Scanner
Scanned with OKEN Scanner

## 33. ਲ

ਲੱਲਾ ਲੁੱਟ ਮਚਾਈ ਏ ਹਾਕਮਾਂ ਨੇ,
ਅੰਨ੍ਹੀ ਪੀਹਵੇ ਤੇ ਕੁੱਤਾ ਪਿਆ ਚੱਟਦਾ ਏ ।

ਕੋਈ ਆ ਕੇ ਨਹੀਂ ਪੁੱਛਦਾ ਕਿਸੇ ਤਾਈਂ,
ਜਿੰਨੀ ਮਰਜੀ ਜੇਬ ਕੋਈ ਕੱਟਦਾ ਏ।

ਸੁਣੀ ਜਾਏ ਨਾ ਕਿਤੇ ਗਰੀਬ ਦੀ ਹੁਣ,
ਬਾਬੂ ਦਫ਼ਤਰ 'ਚ ਬਹਿ ਜੜ੍ਹ ਪੱਟਦਾ ਏ ।

ਜਦੋਂ ਮਿਲਣਗੇ 'ਚਾਹਲ' ਖ਼ਵਾਰ ਹੋਏ,
ਹਿਸਾਬ ਲੈਣਗੇ ਇਕ ਇਕ ਸੱਟ ਦਾ ਏ।



Scanned with OKEN Scanner
Scanned with OKEN Scanner

## 34. ਵ

ਵਵਾ ਵਾਲ਼ ਦੀ ਖੱਲ ਨਾ ਲਾਹ ਕਵੀਆ,
ਸਿੱਧਾ ਸਾਫ਼ ਸਿਧਾਂਤ ਇਸ ਲੁੱਟ ਦਾ ਏ।

ਸਿਰਫ਼ ਦੋ ਹੀ ਜਾਤਾਂ ਨੇ ਜੱਗ ਉੱਤੇ,
ਇਕ ਜਾਏ ਲੁੱਟਿਆ, ਦੂਜਾ ਲੁੱਟਦਾ ਏ।

ਬਾਕੀ ਸਭ ਝੰਬੇਲੇ ਉਸ ਖੜੇ ਕਰਕੇ,
ਰਾਹ ਪੱਧਰਾ ਕੀਤਾ, ਸੁਣ, ਲੁੱਟ ਦਾ ਏ।

ਤੁਸੀ ਹਿੰਦੂ ਤੇ ਸਿੱਖ ਦਾ ਕਰੋ ਝਗੜਾ,
ਉਹ ਪਾੜ ਕੇ ਸਭਨਾਂ ਨੂੰ ਕੁੱਟਦਾ ਏ।
ਜੱਟ, ਮਜ਼ਬੀ, ਤਰਖਾਣ ਦਾ ਕੀ ਝਗੜਾ,
ਸਾਰਾ ਝਗੜਾ ਜਾਤਾਂ ਦੀ ਫੁੱਟ ਦਾ ਏ।

ਸਾਰੇ ਕਿਰਤ ਕਰਦੇ ਆਪੋ ਆਪਣੀ ਹੀ,
ਕੋਈ ਕਿਸੇ ਦੇ ਘਰ ਨਾ ਕੁਝ ਸੁੱਟਦਾ ਏ।

ਮੁੱਠੀ ਭਰ ਲੁਟੇਰਿਆਂ ਦੇ ਹੱਥ ਸੱਤਾ,
ਕਰੋੜਾਂ ਕਿਰਤੀਆਂ ਦੀ ਸੰਘੀ ਘੁੱਟਦਾ ਏ।

ਏਕਾ ਹੋਵੇ ਜੇ ਸਾਰੇ ਕਿਰਤੀਆਂ ਦਾ,
ਜੜ੍ਹ ਲੁੱਟ ਤੇ ਜਬਰ ਦੀ ਪੁੱਟਦਾ ਏ।



Scanned with OKEN Scanner
Scanned with OKEN Scanner

ਧਰਮਾਂ, ਜਾਤਾਂ ਦੀ ਛੱਡ ਲੜਾਈ ਬੰਦਿਆਂ,
ਝੰਡਾ ਇਕ ਫੜ੍ਹ ਕਿਰਤੀ ਗੁੱਟ ਦਾ ਏ।

ਬੰਗਲਾਦੇਸ਼ ਤੇ ਲੰਕਾ ਨਰੇਸ਼ ਵਾਂਗਰ,
ਹਾਕਮ ਭੱਜ ਜਾਣਾ ਡਰਦਾ ਕੁੱਟ ਦਾ ਏ।

ਜਦ ਤੱਕ ਜਾਤ ਤੇ ਧਰਮ ਦਾ ਰਹੂ ਰੌਲਾ,
'ਚਾਹਲ' ਚੁੱਕਦਾ ਫ਼ਾਇਦਾ ਉਹ ਫੁੱਟ ਦਾ ਏ।



Scanned with OKEN Scanner
Scanned with OKEN Scanner

## 35. ੜ

ੜਾੜਾ ਪੜ੍ਹਦਾ ਪਰ ਨਹੀਂ ਵਿਚਾਰ ਕਰਦਾ,
ਪੜ੍ਹ ਕੇ ਅਮਲ ਨਾ ਓਸ ਤੇ ਕਰੇ ਬੰਦਾ।

ਕਹੇ ਕੁਝ ਤੇ ਕਰੇ ਕੁਝ ਹੋਰ ਜਿਹੜਾ,
ਉਹ ਨਾ ਕਿਸੇ ਸਿਧਾਂਤ ਤੇ ਖੜੇ ਬੰਦਾ।

ਮਹਾਂ-ਪੁਰਖਾਂ ਨੇ ਗੱਲਾਂ ਸਿਆਣੀਆਂ ਦਾ,
ਰਚਿਆ ਜਹਾਜ਼, ਸਿਆਣਾ ਚੜ੍ਹੇ ਬੰਦਾ।

ਜਿਹੜਾ ਕਾਮ, ਕ੍ਰੋਧ ਨਾ ਕਰੇ ਕਾਬੂ,
ਬਿਨਾਂ ਕਾਰਨੋਂ ਕਈ ਵਾਰ ਲੜੇ ਬੰਦਾ।

ਲੋਭ, ਮੋਹ, ਹੰਕਾਰ ਦੀ ਹੱਦ ਲੰਘ ਕੇ,
ਨੇਕ ਹੋਣ ਦੇ ਬਹਾਨੇ ਕਈ ਘੜੇ ਬੰਦਾ।

ਖਾਏ ਮਿੱਠਾ ਤੇ ਕੜਵੇ ਬੋਲ ਬੋਲੇ,
ਲੜ ਨਿਮਰਤਾ ਦਾ ਕਦੇ ਨਾ ਫੜ੍ਹੇ ਬੰਦਾ।

ਭੁੱਲ ਜਾਏ ਧਰਮ ਦੀ ਕਿਰਤ ਕਰਨੀ,
ਬੇਈਮਾਨੀ ਦੇ ਚੜ੍ਹ ਜਾਏ ਥੜ੍ਹੇ ਬੰਦਾ।

ਸ਼ੁੱਭ ਅਮਲਾਂ ਤੋਂ ਬਿਨਾਂ ਤਾਂ ਰੋਊ 'ਚਾਹਲਾ',
ਰਾਹ ਹਿੰਦੂ, ਭਾਵੇਂ ਸਿੱਖ ਦਾ ਫੜ੍ਹੇ ਬੰਦਾ।



Scanned with OKEN Scanner
Scanned with OKEN Scanner